ਹਫਤਾਵਾਰੀ

# ਦੇਸ਼ ਦੁਆਬਾ

VOL - 3 ISSUE - 27
March 05, 2015


Postal Address
5101 Doe Hollow Pl, Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


ਖ਼ਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਹੋਲਾ-ਮਹੱਲਾ। ਗੁਰੂ ਘਰ ਟਰਲਕ ਅਤੇ ਸੈਨਹੋਜ਼ੇ ਵਿਖੇ ਹੋਲੇ-ਮਹੱਲੇ ਦੇ ਪ੍ਰੋਗਰਾਮਾਂ ਸਬੰਧੀ ਇਸ਼ਤਿਹਾਰ ਅੰਦਰ ਦੇਖੋ।






ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ ਦੇ 638 ਪ੍ਰਕਾਸ਼ ਦਿਹਾੜੇ ਅਤੇ 15ਵੇਂ ਸਾਲਾਨਾ ਮਹਾਨ ਨਗਰ ਕੀਰਤਨ ਦੀਆਂ ਅਦਾਰਾ ਹਫਤਾਵਾਰੀ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਵੱਲੋਂ ਲੱਖ-ਲੱਖ ਵਧਾਈਆਂ। ਅਸੀਂ ਆਪਣੇ ਸਾਰੇ ਇਸ਼ਤਿਹਾਰਦਾਤਾਵਾਂ ਅਤੇ ਸਮੂਹ ਸਾਧ ਸੰਗਤ ਦਾ ਕੋਟਿਨ-ਕੋਟਿ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਇਸ ਪਵਿੱਤਰ ਦਿਹਾੜੇ ਮੌਕੇ ਇਸ਼ਤਿਹਾਰ ਦੇ ਕੇ ਸਾਡਾ ਉਤਸ਼ਾਹ ਵਧਾਇਆ। ਅਸੀਂ ਸਭ ਨੂੰ ਇਸ ਮਹਾਨ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ ਦਿੰਦੇ ਹਾਂ। ਪ੍ਰੋ: ਐਚ ਐਲ ਕਪੂਰ ਦਾ ਸਬੰਧਿਤ ਲੇਖ ਅੰਦਰ ਪੜੋ।

**– ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)**

# ਸ੍ਰੀ ਗੁਰੂ ਰਵਿਦਾਸ ਜੀ ਦਾ 638ਵਾਂ ਆਗਮਨ ਪੁਰਬ ਅਤੇ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ

**ਸੈਕਰਾਮੈਂਟੋ–** ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਭਾ, ਰਿਓਲਿੰਡਾ (ਸੈਕਰਾਮੈਂਟੋ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 638ਵੇਂ ਪ੍ਰਕਾਸ਼ ਦਿਹਾੜੇ ਤੇ 15ਵਾਂ ਵਿਸ਼ਾਲ ਨਗਰ ਕੀਰਤਨ ਇਸ ਵਾਰ 8 ਮਾਰਚ ਦਿਨ ਐਤਵਾਰ ਨੂੰ ਹੋਵੇਗਾ। ਇਸ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਨਗਰ ਕੀਰਤਨ ਦੀ ਕਾਮਯਾਬੀ ਲਈ ਸੰਗਤਾਂ ਦੀਆਂ ਸਬ ਕਮੇਟੀਆਂ ਬਣਾ ਦਿੱਤੀਆਂ ਗਈਆਂ ਹਨ ਤਾਂ ਕਿ ਇਸ ਪਵਿੱਤਰ ਕਾਰਜ ਨੂੰ ਕਾਮਯਾਬੀ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

ਇਸ ਨਗਰ ਕੀਰਤਨ ਸਬੰਧੀ ਪਿਛਲੇ ਲੰਮੇ ਸਮੇਂ ਤੋਂ ਗੁਰਦੁਆਰਾ ਸਾਹਿਬ ਵਿਖੇ ਲੜੀਵਾਰ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਚੱਲ ਰਹੇ ਹਨ ਅਤੇ ਭੋਗ ਪਾਏ ਜਾ ਰਹੇ ਹਨ। ਇਸੇ ਲੜੀ ਅਧੀਨ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਜੱਸੀ ਬੰਗਾ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ।

ਮੁੱਖ ਸਮਾਗਮ 6 ਮਾਰਚ ਨੂੰ ਸ਼ੁਰੂ ਹੋਵੇਗਾ। ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ। ਸ਼ਾਮ ਨੂੰ 5 ਵਜੇ ਤੋਂ 9 ਵਜੇ ਤੱਕ ਰੈਣ ਸਬਾਈ ਕੀਰਤਨ ਹੋਵੇਗਾ। ਜਿਸ ਵਿਚ ਭਾਈ ਜਸਵੀਰ ਸਿੰਘ ਖਾਲਸਾ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ) ਕੀਰਤਨ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕਰਨਗੇ। 7 ਮਾਰਚ ਨੂੰ ਸ਼ਾਮ 3 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ। ਇਸ ਦੀ ਸੇਵਾ ਸਮੂਹ ਬੀਬੀਆਂ ਤੇ ਸੰਤ ਬਾਬਾ ਦਰਸ਼ਨ ਦਾਸ ਜੀ ਨਗਰ ਫਿਲੌਰ ਦੀਆਂ ਨਾਮ ਲੇਵਾ ਸੰਗਤਾਂ ਵੱਲੋਂ ਹੋਵੇਗੀ। ਸ਼ਾਮ ਨੂੰ ਕੀਰਤਨ ਦਰਬਾਰ ਹੋਵੇਗਾ। ਜਿਸ ਵਿਚ ਪੰਥ ਦੇ ਉੱਘੇ ਕੀਰਤਨੀ ਜਥੇ ਕੀਰਤਨ ਪ੍ਰਵਾਹ ਚਲਾਉਣਗੇ। 8 ਮਾਰਚ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ। ਕੀਰਤਨ ਦਰਬਾਰ ਤੋਂ ਬਾਅਦ ਨਗਰ ਕੀਰਤਨ ਆਰੰਭ ਹੋਵੇਗਾ।


ਨਗਰ ਕੀਰਤਨ 2014 ਦੀਆਂ ਯਾਦਗਾਰੀ ਤਸਵੀਰਾਂ



ਪ੍ਰਬੰਧਕੀ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਕੀਤੀ ਗਈ ਹੈ ਕਿ ਇਸ ਦਿਨ ਅਮਰੀਕਾ ਵਿਚ ਸਮੇਂ ਦੀ ਤਬਦੀਲੀ ਹੋਵੇਗੀ ਅਤੇ ਘੜੀ ਦੀਆਂ ਸੂਈਆਂ ਇਕ ਘੰਟਾ ਅੱਗੇ ਹੋ ਜਾਣਗੀਆਂ। ਸੰਗਤ ਕਾਰਾਂ ਦੀ ਪਾਰਕਿੰਗ ਇਸੇ ਸਥਾਨ ਉਤੇ ਹੀ ਕਰਨ ਅਤੇ ਨਾਲ ਹੀ ਸਫਾਈ ਦਾ ਖਿਆਲ ਜ਼ਰੂਰ ਰੱਖਣ। ਕਮੇਟੀ ਵੱਲੋਂ ਇਹ ਵੀ ਅਪੀਲ ਕੀਤੀ ਗਈ ਹੈ ਕਿ ਪਾਲਕੀ ਸਾਹਿਬ ਦੀ ਮਰਿਆਦਾ ਨੂੰ ਦੇਖਦਿਆਂ ਕੋਈ ਵੀ ਉਸ ਦੇ ਬਰਾਬਰ ਨਾ ਚੱਲੇ ਬਲਕਿ ਪਿਛੇ-ਪਿੱਛੇ ਨਾਮ ਦਾ ਜਾਪ ਕਰਦੇ ਚੱਲਣ। ਪਿਟਸਬਰਗ ਗੁਰੂ ਘਰ ਤੋਂ 2 ਬੱਸਾਂ ਮੁਫਤ ਸੇਵਾ ਨਾਲ ਚੱਲਣਗੀਆਂ। ਹੋਰ ਜਾਣਕਾਰੀ ਲਈ ਗੁਰੂ ਘਰ ਵਿਖੇ 916-796-5003 ਜਾਂ 916-293-6030 ਤੇ ਸੰਪਰਕ ਕੀਤਾ ਜਾ ਸਕਦਾ ਹੈ।


**Prime Real Estate Services**

**Kulwinder Singh Realtor**
Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465 Email: Kelvindjhamat@yahoo.com
679 N. Palora Ave. #C Yuba City, CA 95991

**KSR AUTO REPAIR** Complete Auto Repair Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswager

50 % Off On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674

**HAPPY TRAVELS AGENCY**

Harjit (Happy)
Agency Owner
HappyTravels Agency
Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fijji, Uk, Europe and All Over The World
Email: happytravelsusa@yahoo.com
PHONE: 209-594-8473
E-FAX: 877-623-6177
1743 GRAND CANAL BLVD
12 STOCKTON, CA 95207


RAMESH SUMAN
Broker Realtor
RCS-D TM
**MAJESTIC HOMES**
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

**SAROAY INVESTMENT REALTY**

Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

**Amrik Chand (CPA)**

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539




# ਗੁਰਦੁਆਰਾ ਸਾਹਿਬ ਟਰਲੱਕ, ਕੈਲੀਫੋਰਨੀਆ

# ਚੌਥਾ ਸਾਲਾਨਾ ਨਗਰ ਕੀਰਤਨ 15 ਮਾਰਚ ਨੂੰ

ਹੋਲੇ ਮਹੱਲੇ ਨੂੰ ਸਮਰਪਿਤ ਚੌਥਾ ਸਾਲਾਨਾ ਨਗਰ ਕੀਰਤਨ 15 ਮਾਰਚ ਦਿਨ ਐਤਵਾਰ ਨੂੰ ਸਜਾਇਆ ਜਾ ਰਿਹਾ ਹੈ। 12 ਮਾਰਚ ਦਿਨ ਵੀਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਹੋਣਗੇ। 14 ਮਾਰਚ ਦਿਨ ਸਨਿਚਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣਗੇ। ਉਪਰੰਤ 15 ਮਾਰਚ ਨੂੰ ਨਗਰ ਕੀਰਤਨ ਸਜਾਏ ਜਾਣਗੇ।

ਨਗਰ ਕੀਰਤਨ ਦੌਰਾਨ ਪੰਜ ਪਿਆਰੇ ਘੋੜ ਸਵਾਰੀ ਕਰਨਗੇ। ਇਕ ਘੋੜਾ ਜਿਸ ਦੀ ਸਵਾਰੀ ਅਜੇ ਤੱਕ ਕਿਸੇ ਨੇ ਵੀ ਨਹੀਂ ਕੀਤੀ ਗੁਰੂ ਗੋਬਿੰਦ ਸਿੰਘ ਜੀ ਲਈ ਸਜਾਇਆ ਜਾਵੇਗਾ।







• ਬੀਬੀ ਬਲਜੀਤ ਕੌਰ ਖਾਲਸਾ ਤਲਵਾੜੇ ਵਾਲੇ ਅਤੇ ਭਾਈ ਸੁਰਜਣ ਸਿੰਘ ਦਾ ਢਾਡੀ ਜਥਾ ਵਾਰਾਂ ਤੇ ਕਵੀਸਰੀ ਗਾਉਣਗੇ। • ਨਗਰ ਕੀਰਤਨ ਮੌਕੇ ਗਤਕੇ ਦੀਆਂ ਟੀਮਾਂ ਆਪਣੀ ਕਲਾ ਦੇ ਜੌਹਰ ਦਿਖਾਉਣਗੀਆਂ।

# ਹੋਲੇ ਮਹੱਲੇ ਨੂੰ ਸਮਰਪਿਤ ਬੱਚਿਆਂ ਦਾ ਖੇਡ ਮੇਲਾ

14 ਮਾਰਚ, 2015 ਦਿਨ ਸਨਿਚਰਵਾਰ ਸਵੇਰੇ 10 ਤੋਂ ਸ਼ਾਮ 4 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਹ ਖੇਡ ਮੇਲਾ ਬੱਚਿਆਂ ਵਿਚ ਆਪਣੀਆਂ ਸੱਭਿਆਚਾਰਕ ਖੇਡਾਂ ਪ੍ਰਤੀ ਰੁਚੀ ਪੈਦਾ ਕਰਨ ਦਾ ਇਕ ਛੋਟਾ ਜਿਹਾ ਉਪਰਾਲਾ ਹੈ। ਸੋ ਆਪ ਨੂੰ ਬੇਨਤੀ ਹੈ ਕਿ ਆਪਣੇ ਬੱਚਿਆਂ ਸਮੇਤ ਪਹੁੰਚ ਕੇ ਖੇਡ ਮੇਲੇ ਦਾ ਹਿੱਸਾ ਬਣੋ।

## DIRECTION

99 Freeway ਤੋਂ Lander Ave. ਦਾ Exit ਲਵੋ। ਜੇਕਰ ਤੁਸੀਂ ਮੌਡੈਸਟੋ ਤੋਂ ਆ ਰਹੇ ਹੋ ਤਾਂ Lander Ave. 'ਤੇ Left ਲਵੋ। ਜੇਕਰ ਤੁਸੀਂ Livingston ਤੋਂ ਆ ਰਹੇ ਹੋ ਤਾਂ Lander Ave. 'ਤੇ Right ਲਵੋ। ਸਿੱਧੇ ਆ ਕੇ East Linwood 'ਤੇ Right ਲਵੋ ਤੇ ਅੱਗੇ ਆ ਕੇ 5th Street 'ਤੇ Left ਲਵੋ। ਕਾਰਨਰ 'ਤੇ ਗੁਰਦੁਆਰਾ ਸਾਹਿਬ ਹੈ।











## EVENT TIME

- ਛੋਟੇ ਬੱਚਿਆਂ ਦੀਆਂ ਖੇਡਾਂ ........ 10 ਤੋਂ 12 ਵਜੇ ਤੱਕ
- Running Race ........ 11 ਤੋਂ 11.45 ਵਜੇ ਤੱਕ
- Sack Race ........ 11.45 ਤੋਂ 12.30 ਵਜੇ ਤੱਕ
- ਰੱਸਾਕਸ਼ੀ ........ 12.30 ਤੋਂ 1.00 ਵਜੇ ਤੱਕ
- Musical Chairs ........ 1.00 ਤੋਂ 1.45 ਵਜੇ ਤੱਕ
- Lucky Draw ........ 2.00 ਤੋਂ 2.15 ਵਜੇ ਤੱਕ
- ਚਾਟੀ ਦੌੜ ........ 2.15 ਤੋਂ 2.45 ਵਜੇ ਤੱਕ
- ਖੋ-ਖੋ ........ 2.45 ਤੋਂ 3.30 ਵਜੇ ਤੱਕ
- ਹੱਥ ਪੰਜਾ ........ 3.30 ਤੋਂ 4.00 ਵਜੇ ਤੱਕ

ਅਲੱਗ-ਅਲੱਗ ਤਰ੍ਹਾਂ ਦੇ ਖਾਣ-ਪੀਣ ਦੇ ਸਟਾਲ ਲੱਗਣਗੇ।

ਨੋਟ : ਨਗਰ ਕੀਰਤਨ 'ਚ ਸਟਾਲ ਲਗਾਉਣ ਲਈ ਗੁਰਜੀਤ ਸਿੰਘ ਚਾਹਲ (209) 585-9168 ਅਤੇ ਗੁਰਜੀਤ ਸਿੰਘ ਢਿੱਲੋਂ (209) 250-6936 ਨਾਲ ਸੰਪਰਕ ਕਰੋ। ਖੇਡ ਮੇਲੇ ਸਬੰਧੀ ਹੋਰ ਜਾਣਕਾਰੀ ਲਈ ਸਰਬਜੀਤ ਸਿੰਘ (209) 740-5500, ਸੰਦੀਪ ਸਿੰਘ (ਜੈਂਟੀ) (209) 513-0508 ਨਾਲ ਸੰਪਰਕ ਕਰੋ।

**ਬੇਨਤੀ ਕਰਤਾ : ਦਵਿੰਦਰ ਸਿੰਘ ਵਿਰਕ ਮੁੱਖ ਸੇਵਾਦਾਰ ਅਤੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ**

**1391 Fifth St. Turlock, CA 95380**

ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮ ਤੁਮ੍ਹਾਰੇ ਲੇਖੇ।

ਬੇਗਮਪੁਰਾ ਸਹਰ ਕੋ ਨਾਉ॥
ਦੂਖ ਅੰਦੋਹ ਨਹੀਂ ਤਿਹਿ ਠਾਉ॥





# 15ਵਾਂ ਮਹਾਨ ਸਾਲਾਨਾ ਨਗਰ ਕੀਰਤਨ

ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਲੱਖ-ਲੱਖ ਵਧਾਈਆਂ।
15ਵਾਂ ਮਹਾਨ ਸਾਲਾਨਾ ਨਗਰ ਕੀਰਤਨ **8 ਮਾਰਚ 2015** ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਮਨਾਇਆ ਜਾ ਰਿਹਾ ਹੈ।
ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਮਹਾਨ ਸਾਲਾਨਾ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

## ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਪੂਰਨ ਗੁਰੂ ਮਰਿਆਦਾ ਹੇਠ ਮਨਾਇਆ ਜਾ ਰਿਹਾ ਹੈ।

ਨਗਰ ਕੀਰਤਨ ਦੀ ਖੁਸ਼ੀ ਵਿਚ ਆਰੰਭ ਸ੍ਰੀ ਅਖੰਡ ਪਾਠ ਸਾਹਿਬ
6 ਮਾਰਚ 2015, ਸਵੇਰੇ 8 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 8 ਮਾਰਚ, ਐਤਵਾਰ ਸਵੇਰੇ 8 ਵਜੇ
ਨਿਸ਼ਾਨ ਸਾਹਿਬ: 7 ਮਾਰਚ ਦਿਨ ਸ਼ਨੀਵਾਰ ਨੂੰ ਸ਼ਾਮੀ 3 ਵਜੇ ਚੜ੍ਹਾਏ ਜਾਣਗੇ
ਅਤੇ ਸ਼ਾਮ ਨੂੰ ਕੀਰਤਨ ਦਰਬਾਰ 6 ਵਜੇ ਤੋਂ 12 ਵਜੇ ਤੱਕ ਹੋਵੇਗਾ।

### ਨਗਰ ਕੀਰਤਨ ਵਿਚ ਜਾਂ ਗੁਰੂ ਘਰ ਵਿਖੇ ਕਿਸੇ ਵੀ ਤਰ੍ਹਾਂ ਦੀ ਸੇਵਾ ਲਈ ਸੰਪਰਕ ਕਰੋ ਜੀ:

ਗੁਰੂ ਘਰ- 916-992-1710
ਜੱਸੀ ਬੰਗਾ 916-796-5003
ਜੋਗਿੰਦਰ ਚੁੰਬਰ 916-582-1611
ਦਰਸ਼ਨ ਵਿਰਕ 916-228-0540
ਬਲਵਿੰਦਰ ਰੱਲੂ 916-425-2707
ਸਤਨਾਮ ਮੰਢਾਲੀ 916-803-0108
ਜੱਸੀ ਸ਼ੀਮਾਰ (ਪੀ. ਆਰ. ਓ.) 916-293-6030

### ਕਮੇਟੀ ਮੈਂਬਰ

ਚੇਅਰਮੈਨ- ਜਸਵਿੰਦਰ ਬੰਗਾ 916-796-5003
ਵਾਈਸ ਚੇਅਰਮੈਨ- ਦਰਸ਼ਨ ਵਿਰਕ 916-228-0540
ਪ੍ਰਧਾਨ- ਜੋਗਿੰਦਰ ਚੁੰਬਰ 916-582-1611
ਵਾਈਸ ਪ੍ਰਧਾਨ- ਸਤਨਾਮ ਮੰਢਾਲੀ 916-803-0108
ਵਾਈਸ ਪ੍ਰਧਾਨ- ਬਲਵਿੰਦਰ ਰੱਲੂ 916-425-2707
ਸਟੇਜ ਸੈਕਟਰੀ- ਜੀਵਨ ਰੱਤੂ 916-256-9393
ਸਟੇਜ ਸੈਕਟਰੀ- ਰਾਜ ਕੁਮਾਰ ਸੂਦ 916-698-3806
ਆਫਿਸ ਸੈਕਟਰੀ- ਰਾਜ ਬੱਧਣ 916-601-3842
ਕੈਸ਼ੀਅਰ- ਇੰਦਰਜੀਤ ਪਡਵੱਗਾ 916-276-2538
ਕੈਸ਼ੀਅਰ- ਸੁਰਿੰਦਰ ਮੱਲ 916-849-8530
ਕੈਸ਼ੀਅਰ- ਮਨਜੀਤ ਭਾਰਦਵਾਜ 916-743-5012
ਪੀ. ਆਰ. ਓ. ਮੀਡੀਆ- ਜਸਵਿੰਦਰ ਸ਼ੀਮਾਰ 916-293-6030
ਮੇਨਟੀਨੈਂਸ- ਕਰਨੈਲ ਵਿਰਕ 916-267-8774
ਮਨਜੀਤ ਪਾਲ 916-834-9371
ਕਿਚਨ ਮੈਨੇਜਰ- ਮਹਿੰਦਰ ਧਾਮੀ 916-470-9163

### ਲੰਗਰ ਵਰਤਾਉਣ ਅਤੇ ਹੋਰ ਸੇਵਾ ਦੇ ਲਈ ਗੁਰੂ ਘਰ ਨਾਲ ਸੰਪਰਕ ਕਰੋ ਜੀ।

ਲੜੀਵਾਰ ਅਖੰਡ ਪਾਠ ਸਾਹਿਬ ਪ੍ਰੋਗਰਾਮਾਂ ਦਾ ਵੇਰਵਾ
ਆਰੰਭ ਸ੍ਰੀ ਅਖੰਡ ਪਾਠ ਸਾਹਿਬ - ਭੋਗ ਸ੍ਰੀ ਅਖੰਡ ਪਾਠ ਸਾਹਿਬ

6 ਮਾਰਚ 2015 ਤੋਂ 8 ਮਾਰਚ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ
15ਵੇਂ ਵਿਸਾਲ ਨਗਰ ਕੀਰਤਨ ਸਮੂਹ ਸੈਕਰਾਮੈਂਟੋ ਸੰਗਤ ਵੱਲੋਂ ਕੀਤੀ ਜਾਵੇਗੀ

ਨੋਟ- ਨਗਰ ਕੀਰਤਨ ਵਾਲੇ ਦਿਨ ਅਮਰੀਕਾ ਵਿਚ
ਘੜੀ ਦੀਆਂ ਸੂਈਆਂ ਇਕ ਘੰਟਾ ਅੱਗੇ ਹੋ ਜਾਣਗੀਆਂ

ਹੋਰ ਜਾਣਕਾਰੀ ਲਈ ਪ੍ਰਬੰਧਕ ਕਮੇਟੀ ਜਾਂ ਭਾਈ ਨਿਰਮਲ ਸਿੰਘ ਅਤੇ ਭਾਈ ਜਸਪਾਲ ਸਿੰਘ ਨਾਲ 916-992-1710 (ਗੁਰੂ ਘਰ) ਤੇ ਸੰਪਰਕ ਕੀਤਾ ਜਾ ਸਕਦਾ ਹੈ। ਕਿਸੇ ਵੀ ਕਿਸਮ ਦੀ ਸੇਵਾ ਅਤੇ ਅਖੰਡ ਪਾਠ ਸਾਹਿਬ ਦੀ ਸੇਵਾ ਲਈ ਲਈ ਜੱਸੀ ਬੰਗਾ ਨਾਲ 916-796-5003 ਜਾਂ ਜੋਗਿੰਦਰ ਚੁੰਬਰ ਨਾਲ 916-439-4043 ਤੇ ਸੰਪਰਕ ਕਰੋ ਜੀ।

ਜਾਰੀ ਕਰਤਾ- ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਤੇ ਸਮੂਹ ਸੰਗਤ

## ਸ੍ਰੀ ਗੁਰੂ ਰਵਿਦਾਸ ਟੈਂਪਲ

6221-16th Street Rio Linda (Sacramento)
California- 95673 (Ph) 916-992-1710

ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥


ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।



ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



# ਜੀਨਾ ਭਾਟੀਆ
# ਮੇਜਰ ਸਿੰਘ ਭਾਟੀਆ
# ਅਤੇ
# ਸਮੂਹ ਭਾਟੀਆ ਪਰਿਵਾਰ



ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

# Jagtar Singh Bhatia
# Nirmal Singh Bhatia
# ਅਤੇ
# ਸਮੂਹ ਭਾਟੀਆ ਪਰਿਵਾਰ



Jagtar Singh Bhatia with his wife Nirmal Singh Bhatia

ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।





ਮਹਿੰਦਰ ਸਿੰਘ ਬੰਗਾ (ਖੱਬੇ) ਆਪਣੀ ਸੁਪਤਨੀ ਨਾਲ ਹਰਦਿਆਲ ਸਿੰਘ ਬੰਗਾ (ਸੱਜੇ) ਆਪਣੀ ਸੁਪਤਨੀ ਨਾਲ



# H & S CONSTRUCTION

**Hardi Banga** GENERAL CONTRACTOR

1824 Santa Rita Dr.
Pittsburg, CA 94565

Ph 925-458-2196

Fax 925-261-1891, Cell 925-584-0727




ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

# United Awareness Committee of Ravidassia Community Californial USA



ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।



ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



# Mohinder Singh Dhami

## Shri Guru Ravidass Sabha Sacramento (California)

## 916-470-9163

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ





**ਰਿਓਲਿੰਡਾ (ਸੈਕਰਾਮੈਂਟੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਨਗਰ ਕੀਰਤਨ ਨਾਲ ਸਬੰਧਤ ਚੱਲ ਰਹੀ ਅਖੰਡ ਪਾਠਾਂ ਦੀ ਲੜੀ ਵਿਚ ਮਾਰਚ 1 ਨੂੰ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਦਿਨ ਸ਼ੁੱਕਰਵਾਰ ਨੂੰ ਰੱਖੇ ਗਏ ਅਖੰਡ ਪਾਠ ਦੀ ਸੇਵਾ ਗੁਰੂ ਘਰ ਦੀ ਨੌਜਵਾਨ ਸਭਾ ਵੱਲੋਂ ਲਈ ਗਈ। ਇਸ ਸੇਵਾ ਬਦਲੇ ਲਾਡੀ ਕਾਜਲਾ ਨੂੰ ਸਿਰੋਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਅਰਦਾਸ ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦਿਨ ਸੁਰਿੰਦਰ ਚੌਹਾਨ, ਜੀਵਨ ਰੱਤੂ ਅਤੇ ਰਾਜ ਕੁਮਾਰ ਸੂਦ ਨੇ ਵੀ ਸ਼ਬਦਾਂ ਰਾਹੀਂ ਹਾਜ਼ਰੀ ਲਵਾਈ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ। 26 ਫਰਵਰੀ ਵੀਰਵਾਰ ਨੂੰ ਰੱਖੇ ਗਏ ਅਖੰਡ ਪਾਠ ਸਾਹਿਬ ਜੀ ਦੇ ਭੋਗ ਦਿਨ ਸ਼ਨੀਵਾਰ 28 ਫਰਵਰੀ ਨੂੰ ਪਾਏ ਗਏ। ਇਹ ਸੇਵਾ ਰਵਿੰਦਰ ਸਿੰਘ ਗਿੱਲ ਪਰਿਵਾਰ ਵੱਲੋਂ ਕੀਤੀ ਗਈ। ਇਸ ਸੇਵਾ ਲਈ ਰਵਿੰਦਰ ਸਿੰਘ ਗਿੱਲ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਗੁਰੂ ਘਰ ਦੇ ਹਜ਼ੂਰੀ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਅੰਤ ਵਿਚ ਗੁਰੂ ਘਰ ਦੀ ਕਮੇਟੀ ਅਤੇ ਸੈਕਰਾਮੈਂਟੋ ਦੀਆਂ ਸਮੂਹ ਸੰਗਤਾਂ ਵੱਲੋਂ ਬੇਨਤੀ ਹੈ ਕਿ ਦੂਰੋਂ ਨੇੜਿਓਂ ਸੰਗਤਾਂ 9 ਮਾਰਚ ਨੂੰ ਕੱਢੇ ਜਾ ਰਹੇ ਨਗਰ ਕੀਰਤਨ ਵਿਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਅਮਰੀਕੀ ਪੰਜਾਬੀ ਕਵੀਆਂ ਵੱਲੋਂ ਪਿਟਸਬਰਗ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ



**ਪਿਟਸਬਰਗ (ਕੈਲੀਫੋਰਨੀਆ) (ਪ੍ਰਮਿੰਦਰ ਸਿੰਘ ਪ੍ਰਵਾਨਾ)–** ਬੀਤੇ ਦਿਨੀਂ ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ 1986 ਵਿਚ ਸਥਾਪਤ ਹੋਏ ਗੁਰਦੁਆਰਾ ਵਿਖੇ ਗੁਰੂ ਰਵਿਦਾਸ ਗੁਰਪੁਰਬ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਅਤੇ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਹਮੇਸ਼ਾ ਦੀ ਤਰ੍ਹਾਂ ਦੁਹਰਾਇਆ ਗਿਆ ਕਿ ਗੁਰਦੁਆਰਾ ਵਿਚ ਹਫਤਾਵਾਰੀ ਦੀਵਾਨਾਂ ਵਿਚ ਸੰਗਤਾਂ ਲਈ ਧਾਰਮਿਕ ਰੁਚੀ ਵਿਚ ਪੁਖਤਾ ਰੁਝਾਨ ਬਣਾਉਣ ਲਈ ਅਜਿਹੇ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਦਰਬਾਰੀ ਰਤਨ ਕਵੀਆਂ ਦੀ ਪ੍ਰੰਪਰਾ ਮੱਧਮ ਪੈਂਦੀ ਜਾ ਰਹੀ ਮਹੱਤਤਾ ਨੂੰ ਮੁੜ ਰੌਸ਼ਨ ਕਰਨ ਲਈ ਅਮਰੀਕੀ ਪੰਜਾਬੀ ਕਵੀ ਵਚਨਬੱਧ ਹੋਏ ਹਨ। ਚਲੰਤ ਤਜਰਬਿਆਂ ਵਿਚੋਂ ਅਨੁਭਵ ਹੋਇਆ ਹੈ ਕਿ ਸੰਗਤਾਂ ਦੀ ਵੀ ਮੰਗ ਬਣਦੀ ਜਾ ਰਹੀ ਹੈ ਕਿ ਧਾਰਮਿਕ ਕਵੀ ਦਰਬਾਰਾਂ ਨੂੰ ਵੀ ਗੁਰਦੁਆਰਾ ਵਿਚ ਵਿਸ਼ੇਸ਼ ਜਗ੍ਹਾ ਮਿਲਣੀ ਚਾਹੀਦੀ ਹੈ। ਹੋਰ ਨਿਭਾਈਆਂ ਜਾ ਰਹੀਆਂ ਸੇਵਾਵਾਂ ਵਿਚ ਧਾਰਮਿਕ ਕਵੀ ਦਰਬਾਰਾਂ ਨੂੰ ਵੀ ਵਿਸ਼ੇਸ਼ ਉਤਸ਼ਾਹ ਮਿਲਣਾ ਚਾਹੀਦਾ ਹੈ। ਇਸ ਆਸ਼ੇ ਵਿਚ ਯੋਗ ਪ੍ਰਬੰਧਕਾਂ ਵੱਲੋਂ ਸਮੇਂ ਸਮੇਂ ਧਾਰਮਿਕ ਕਵੀਆਂ ਨੂੰ ਸੱਦਾ ਦਿੱਤਾ ਜਾਂਦਾ ਹੈ।

ਇਸੇ ਲੜੀ ਵਿਚ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ ਵਿਸ਼ੇਸ਼ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਇਸ ਮੌਕੇ ਸ਼ਾਮਲ ਕਵੀਆਂ ਵਿਚ ਤਰਸੇਮ ਸਿੰਘ ਸੁਮਨ, ਗੁਰਦਿਆਲ ਸਿੰਘ ਨੂਰਪੁਰੀ, ਮਹਿੰਦਰਪਾਲ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਜਿਹਨਾਂ ਨੇ ਗੁਰ-ਇਤਿਹਾਸ ਦੇ ਹਵਾਲੇ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੀ ਮਹੱਤਤਾ ਦਰਸਾਉਂਦੀਆਂ ਰਚਨਾਵਾਂ ਪੜ੍ਹੀਆਂ। ਸੰਗਤਾਂ ਵੱਲੋਂ ਭਰਪੂਰ ਇਕਾਗਰਤਾ ਬਖਸ਼ੀ ਗਈ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ। ਅੱਗੇ ਵੀ ਅਜਿਹੇ ਪ੍ਰੋਗਰਾਮ ਆਯੋਜਿਤ ਕਰਨ ਲਈ ਕਵੀਆਂ ਨੂੰ ਸੱਦਾ ਦਿੱਤਾ ਗਿਆ।

# ਡਾ. ਬੀ.ਆਰ.ਅੰਬੇਦਕਰ ਯਾਦਗਾਰ ਸੰਘਰਸ਼ ਕਮੇਟੀ ਦੇ ਸੱਦੇ ਤੇ

## ਸੈਂਕੜੇਂ ਬਜੁਰਗਾਂ, ਬੇਸਹਾਰਾ ਵਿਧਵਾਵਾਂ ਨੇ ਡੀ ਸੀ ਦਫ਼ਤਰ ਵੱਲ ਕੂਚ ਕਰਕੇ ਪੰਜ ਘੰਟੇ ਤੱਕ ਲਗਾਇਆ ਡੀ ਸੀ ਦਫਤਰ ਦੇ ਬਾਹਰ ਧਰਨਾ

**ਲੁਧਿਆਣਾ (ਪ੍ਰੀਤੀ ਸ਼ਰਮਾ)–** ਡਾ. ਬੀ.ਆਰ. ਅੰਬੇਦਕਰ ਯਾਦਗਾਰ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਸੈਂਕੜੇ ਬੇਰੋਜਗਾਰ ਨੌਜਵਾਨਾਂ ਨੇ ਰੋਜਗਾਰ ਅਤੇ ਨੌਕਰੀ ਨਹੀਂ ਦੇਣ। ਬੁਜੁਰਗ, ਅੰਗਹੀਨ ਅਤੇ ਬੇਸਹਾਰਾ ਵਿਧਵਾਵਾਂ ਨੇ ਪੈਨਸ਼ਨ ਦੀ ਰਾਸ਼ੀ ਨਹੀਂ ਵਧਾਉਣ , ਸਕੂਲੀ ਵਿਦਿਆਰਥੀਆਂ ਨੇ ਅਮੀਰ ਅਤੇ ਗਰੀਬ ਲਈ ਇੱਕ ਸਾਮਾਨ ਸਿੱਖਿਆ ਪ੍ਰਣਾਲੀ ਲਾਗੂ ਨਹੀਂ ਕਰਨ ਦੇ ਵਿਰੋਧ ਵਿੱਚ ਰਾਜ ਸਰਕਾਰ ਦੇ ਖਿਲਾਫ ਰੋਸ਼ ਵਿਅਕਤ ਕਰਦੇ ਹੋਏ ਮਿਸ਼ਨਰੀ ਨੇਤਾ ਰਮਨਜੀਤ ਲਾਲੀ ਦੀ ਅਗਵਾਈ ਹੇਠ ਜਲੰਧਰ ਬਾਈਪਾਸ ਚੌਂਕ ਤੋਂ ਮਿਨੀ ਸਕੱਤਰੇਤ ਵੱਲ ਕੂਚ ਕਰਕੇ ਡਿਪਟੀ ਕਮਿਸ਼ਨਰ ਦਫਤਰ ਦੇ ਬਾਹਰ ਕਰੀਬ 5 ਘੰਟੇ ਤੱਕ ਰੋਸ਼ ਧਰਨਾ ਲਗਾਕੇ ਰਾਜ ਸਰਕਾਰ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੂੰ ਖੂਬ ਖਰੀਆਂ ਖੋਟੀਆਂ ਸੁਣਾਈਆਂ । ਇਸ ਦੋਰਾਨ ਏਡੀਸੀ ਕੰਨੂ ਥਿੰਦ ਨੇ ਪ੍ਰਦਸ਼ਨਕਾਰੀਆਂ ਦੀਆਂ ਮਿਨਤਾਂ ਤਰਲੇ ਕਰਕੇ ਰੋਸ਼ ਧਰਨਾ ਖਤਮ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਪ੍ਰਦਸ਼ਨਕਾਰੀ ਡੀ ਸੀ ਤੋਂ ਘੱਟ ਕਿਸੇ ਨਾਲ ਗੱਲ ਨਹੀਂ ਕਰਨ ਦੀ ਜਿੱਦ ਅੜੇ ਰਹੇ । ਅਖੀਰ ਪੰਜ ਘੰਟੇ ਦੇ ਬਾਅਦ ਜਦੋਂ ਪ੍ਰਦਸ਼ਨਕਾਰੀ ਨਹੀਂ ਮੰਨੇ ਤਾਂ ਡੀ ਸੀ ਨੇ ਪ੍ਰਦਸ਼ਨਕਾਰੀਆਂ ਦੇ ਸਾਹਮਣੇ ਝੁਕਦੇ ਹੋਏ ਆਪਣੇ ਦਫਤਰ ਤੋਂ ਬਾਹਰ ਨਿਕਲ ਕੇ ਮੰਗਾ ਦੇ ਬਾਰੇ ਰਾਜ ਸਰਕਾਰ ਨਾਲ ਗੱਲਬਾਤ ਕਰਕੇ ਪ੍ਰਦਸ਼ਨਕਾਰੀਆਂ ਦੇ ਪ੍ਰਤਿਨਿਧੀਆਂ ਨਾਲ ਮੁੱਖਮੰਤਰੀ ਦੀ ਗੱਲਬਾਤ ਕਰਵਾਉਣ ਦਾ ਭਰੋਸਾ ਦੇ ਕੇ ਰੋਸ਼ ਧਰਨਾ ਖਤਮ ਕਰਵਾਇਆ । ਪ੍ਰਦਸ਼ਨਕ-ਾਰੀਆਂ ਨੂੰ ਸੰਬੋਧਿਤ ਕਰਦੇ ਹੋਏ ਮਿਸ਼ਨਰੀ ਨੇਤਾ ਰਮਨਜੀਤ ਲਾਲੀ ਨੇ ਰਾਜ ਵਿੱਚ ਸਤਾਸੀਨ ਅਕਾਲੀ ਭਾਜਪਾ - ਗਠਬੰਧਨ ਦੀ ਗਰੀਬ ਵਿਰੋਧੀ ਨਿਤੀਆਂ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਅਕਾਲੀ ਦਲ ਕਰੋੜਪਤੀ ਕਿਸਾਨਾਂ ਨੂੰ ਮੁਫਤ ਬਿਜਲੀ ਅਤੇ ਭਾਜਪਾ ਵਪਾਰੀਆਂ ਨੂੰ ਟੈਕਸਾਂ ਵਿੱਚ ਰਿਆਇਤਾਂ ਦੇ ਕੇ ਖਜਾਨੇ ਨੂੰ ਦੋਹਾਂ ਹੱਥਾਂ ਨਾਲ ਲੁਟਾ ਰਹੇ ਹਨ । ਇਸਦੇ ਉਲਟ ਬੁਜੁਰਗਾਂ ਨੂੰ ਹਰ ਮਹੀਨੇ ਦਿੱਤੀ ਜਾ ਰਹੀ ਸਿਰਫ 250 ਰੁਪਏ ਦੀ ਪੈਨਸ਼ਨ ਪਾਉਣ ਲਈ ਬੈਂਕਾਂ ਦੇ ਚੱਕਰ ਲਗਵਾਕੇ ਜਲੀਲ ਕੀਤਾ ਜਾ ਰਿਹਾ ਹੈ । ਬੇਰੋਜਗਾਰ ਰੋਜਗਾਰ ਦੀ ਤਲਾਸ਼ ਵਿੱਚ ਦਰ ਦਰ ਭਟਕ ਰਿਹਾ ਹੈ।



ਗਰੀਬ ਅਤੇ ਅਮੀਰ ਲਈ ਇੱਕ ਸਮਾਨ ਸਿੱਖਿਆ ਪ੍ਰਣਾਲੀ ਲਾਗੂ ਨਹੀਂ ਹੋਣ ਦੇ ਚਲਦੇ ਆਰਥਿਕ ਤੌਰ ਤੇ ਪਿਛੜੇ ਵਰਗ ਦੇ ਬੱਚਿਆਂ ਵਿੱਚ ਹੀਨ ਭਾਵਨਾ ਵੱਧਦੀ ਜਾ ਰਹੀ ਹੈ । ਡਾ. ਬੀ. ਆਰ. ਅੰਬੇਦਕਰ ਯਾਦਗਾਰ ਸੰਘਰਸ਼ ਕਮੇਟੀ ਨੇ ਅਨੇਕਾਂ ਵਾਰ ਰਾਜ ਦੇ ਮੁੱਖਮੰਤਰੀ ਅਤੇ ਪ੍ਰਸ਼ਾਸ਼ਨਿਕ ਅਧਿਕ-ਾਰੀਆਂ ਨੂੰ ਮੰਗ ਪੱਤਰ ਸੌਂਪੇ ਪਰ ਰਾਜ ਸਰਕਾਰ ਟੱਸ ਤੋਂ ਮਸ ਨਹੀਂ ਹੋਈ । ਜਿਸਦੇ ਚਲਦੇ ਮਜਬੂਰ ਹੋ ਕੇ ਸੰਘਰਸ਼ ਕਮੇਟੀ ਨੇ ਆਰ ਪਾਰ ਦੀ ਲੜਾਈ ਸ਼ੁਰੂ ਕਰਣ ਦਾ ਫੈਸਲਾ ਕੀਤਾ । ਮੰਗਾ ਦੇ ਬਾਰੇ ਵਿਸਤਾਰ ਨਾਲ ਦੱਸਦੇ ਹੋਏ ਉਨ੍ਹਾਂ ਨੇ ਕਿਹਾ ਕਿ ਕਮੇਟੀ ਨੇ ਰਾਜ ਸਰਕਾਰ ਨੂੰ ਬੁਜੁਰਗਾਂ , ਅੰਗਹੀਨਾਂ ਅਤੇ ਵਿਧਵਾਵਾਂ ਦੀ ਪੈਨਸ਼ਨ 250 ਤੋਂ ਵਧਾਕੇ 2500 ਰੁਪਏ ਕਰਨ , ਰੋਗ ਦੀ ਹਾਲਤ ਵਿੱਚ ਮੁਫਤ ਇਲਾਜ , ਸੀਬੀਐਸਸੀ ਅਤੇ ਆਈਸੀਐਸਸੀ ਸਿਲੇਬਸ ਖਤਮ ਕਰਕੇ ਅਮੀਰ ਅਤੇ ਗਰੀਬ ਵਰਗ ਦੇ ਬੱਚਿਆਂ ਲਈ ਇੱਕ ਸਾਮਾਨ ਸਿੱਖਿਆ ਪ੍ਰਣਾਲੀ ਲਾਗੂ ਕਰਨ , ਬੇਰੋਜਗਾਰਾਂ ਨੂੰ ਸਰਕਾਰੀ ਨੌਕਰੀ ਜਾਂ ਸਵ-ਰੋਜਗਾਰ ਲਈ 10 - 10 ਲੱਖ ਦਾ ਵਿਆਜ ਮੁਕਤ ਲੋਨ ਅਤੇ ਰੋਜਗਾਰ ਅਤੇ ਨੌਕਰੀ ਨਹੀਂ ਮਿਲਣ ਤੇ 5 ਹਜਾਰ ਰੁਪਏ ਪ੍ਰਤਿ ਮਹੀਨਾ ਗੁਜਾਰਾ ਭੱਤਾ, ਆਰਥਿਕ ਤੌਰ ਤੇ ਪਿਛੜੀਆਂ ਨੂੰ ਸਰਕਾਰੀ ਕੰਮ-ਕਾਜ ਵਿੱਚ 25 ਫ਼ੀਸਦੀ ਹਿੱਸੇਦਾਰੀ। ਮੰਤਰੀਆਂ, ਵਿਧਾਇਕਾਂ , ਸਰਕਾਰੀ ਅਧਿਕਾਰੀਆਂ , ਅਧਿਆਪਕਾਂ ਅਤੇ ਡਾਕਟਰਾਂ ਦੇ ਬੱਚਿਆਂ ਦੀ ਸਿੱਖਿਆ ਸਰਕਾਰੀ ਸਕੂਲਾਂ ਅਤੇ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਜ਼ਰੂਰੀ, ਨਸ਼ੇ ਦੇ ਸੌਦਾਗਰਾਂ, ਮਿਲਾਵਟਖੋਰਾਂ ਅਤੇ ਭ੍ਰਿਸ਼ਟਾਚਾਰੀਆਂ ਨੂੰ ਸਖ਼ਤ ਸੱਜਾ ਦਾ ਪ੍ਰਾਵਧਾਨ, ਵੀ ਵੀ-ਆਈ ਪੀ ਕਲਚਰ ਖਤਮ ਕਰਕੇ ਮੁੱਖਮੰਤਰੀ ਅਤੇ ਉਪ ਮੁੱਖ-ਮੰਤਰੀ ਦੇ ਆਗਮਨ ਤੇ ਸੜਕਾਂ ਤੇ ਆਵਾਜਾਈ ਠੱਪ ਕਰਨ ਵਾਲੇ ਰਜਵਾੜਾ ਸ਼ਾਹੀ ਸਿਸਟਮ ਨੂੰ ਬੰਦ ਕਰਨ , ਆਮ ਨਾਗਰਿਕ ਨੂੰ ਕੈਂਸਰ ਵਰਗੀਆਂ ਬੀਮਾਰੀਆਂ ਤੋਂ ਬਚਾਉਣ ਲਈ ਫਿਲਟਰ ਕੀਤਾ ਪਾਣੀ ਉਪਲੱਬਧ ਕਰਵਾਉਣ ਦੀ ਲਈ ਸੰਘਰਸ਼ ਸ਼ੁਰੂ ਕੀਤਾ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



Call For Special Price

Kashmir S. Thandi
Office: (866) 933-3038

Balhar S. Ranu
Cell: 916-502-7733




Yuba City Ph: 530-419-5058

1816 Main Ave.,
Secramento CA, 95838

# ਭੰਡਾਰੇ ਵਿਚ ਦਲਿਤਾਂ ਨੂੰ ਨਹੀਂ ਪਰੋਸਣ ਦਿੱਤਾ ਗਿਆ ਭੋਜਨ

**ਬਰੇਲੀ–** ਜਿਵੇਂ ਬੰਦਾਯੂ ਦੇ ਦਾਤਾਗੰਜ ਤਹਿਸੀਲ ਦੇ ਅੰਗਦਪੁਰ ਪਿੰਡ ਦੀ ਛੂਤ ਛਾਤ ਦੀ ਕਹਾਣੀ ਸ਼ਨੀਵਾਰ ਨੂੰ ਇੱਥੇ ਬਲਾਕ ਰਾਮਨਗਰ ਦੇ ਪਿੰਡ ਰੇਵਤੀ ਵਿਚ ਦੋਹਰਾ ਦਿੱਤੀ ਗਈ। ਭੰਡਾਰੇ ਦੇ ਲਈ ਚੰਦਾ ਲੈਣ ਦੇ ਬਾਵਜੂਦ ਦਲਿਤਾਂ ਨੂੰ ਭੋਜਨ ਪਰੋਸਣ ਤੋਂ ਰੋਕ ਦਿੱਤਾ ਗਿਆ। ਇਸ ਤੇ ਦਲਿਤਾਂ ਨੇ ਭੰਡਾਰੇ ਦਾ ਬਾਈਕਾਟ ਕਰ ਦਿੱਤਾ। ਉਹਨਾਂ ਨੇ ਐਸ ਡੀ ਐਮ ਨੂੰ ਛੂਤ ਛਾਤ ਦੀ ਸ਼ਿਕਾਇਤ ਕੀਤੀ ਹੈ ਤਾਂ ਦੂਜੇ ਪੱਖ ਪ੍ਰਧਾਨੀ ਚੋਣਾਂ ਦੇ ਕਾਰਨ ਬਿਨਾਂ ਵਜ੍ਹਾ ਮਾਹੌਲ ਵਿਗਾੜਨ ਦੀ ਸਾਜਿਸ਼ ਦਾ ਦੋਸ਼ ਲਗਾ ਰਹੇ ਹਨ। ਐਸ ਡੀ ਐਮ ਨੇ ਪੁਲਿਸ ਨੂੰ ਇਲਾਕੇ ਵਿਚ ਸ਼ਾਂਤੀ ਵਿਵਸਥਾ ਬਣਾਈ ਰੱਖਣ ਦਾ ਨਿਰਦੇਸ਼ ਦਿੱਤਾ ਹੈ।

## ਮੁਲਾਇਮ ਸਿੰਘ ਯਾਦਵ ਦਾ ਵੀ ਬਣੇ ਮੰਦਰ: ਆਜਮ ਖਾਨ



**ਲਖਨਊ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜਕੋਟ ਵਿਚ ਉਹਨਾਂ ਦੇ ਸਮਰਥਕਾਂ ਦੁਆਰਾ ਉਹਨਾਂ ਦਾ ਮੰਦਰ ਬਣਾਉਣ ਤੋਂ ਬਾਅਦ ਸਮਾਜਵਾਦੀ ਪਾਰਟੀ ਦੇ ਪ੍ਰਮੁੱਖ ਨੇਤਾ ਆਜਮ ਖਾਂ ਨੇ ਉਸੇ ਤਰਜ਼ ਤੇ ਪਾਰਟੀ ਮੁਖੀ ਮੁਲਾਇਮ ਸਿੰਘ ਯਾਦਵ ਦਾ ਮੰਤਰ ਬਣਵਾਉਣ ਦਾ ਪ੍ਰਸਤਾਵ ਰੱਖਿਆ, ਬਸ਼ਰਤੇ ਉਹ ਇਸਦੀ ਆਗਿਆ ਪ੍ਰਦਾਨ ਕਰ ਦੇਣ।

ਆਜਮ ਖਾਂ ਨੇ ਅੱਜ ਇੱਥੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਮੈਂ ਨੇਤਾ ਜੀ ਦੇ ਸਾਹਮਣੇ ਉਹਨਾਂ ਦਾ ਮੰਦਰ ਬਣਵਾਉਣ ਦਾ ਪ੍ਰਸਤਾਵ ਰੱਖਾਂਗਾ। ਜੇਕਰ ਉਹ ਇਸਦੀ ਆਗਿਆ ਨਾ ਦੇਣ ਤਾਂ ਉਹਨਾਂ ਦੇ ਮੰਦਰ ਬਣਾਵਾਏ ਜਾਣਗੇ।

ਉਹਨਾਂ ਨੇ ਕਿਹਾ, ਜਦੋਂ ਨੇਤਾਵਾਂ, ਅਭਿਨੇਤਾਵਾਂ ਦੇ ਜਿੰਦਾ ਰਹਿੰਦੇ ਮੰਦਰ ਬਣਵਾਏ ਜਾ ਰਹੇ ਹਨ, ਉਦੋਂ ਨੇਤਾ ਜੀ ਦਾ ਵੀ ਮੰਦਰ ਬਣਨਾ ਚਾਹੀਦਾ ਹੈ, ਇਸ ਕਰਕੇ ਕਿ ਉਹ ਵੀ ਇਕ ਬਹੁਤ ਲੋਕਪ੍ਰਿਆ ਲੀਡਰ ਹਨ।

## ਕੁਆਰਿਆਂ ਦਾ ਕਲੱਬ ਹੈ ਸੰਘ, ਨਾ ਦਿਓ ਬੱਚੇ ਪੈਦਾ ਕਰਨ ਦੀ ਸਲਾਹ: ਓਵੈਸੀ

**ਹੈਦਰਾਬਾਦ–** ਐਮ ਆਈ ਐਮ ਦੇ ਨੇਤਾ ਅਕਬਰੂਦੀਨ ਓਵੈਸੀ ਨੇ ਇਕ ਨਵਾਂ ਵਿਵਾਦ ਖੜ੍ਹਾ ਕਰਦੇ ਹੋਏ ਰਾਸ਼ਟਰੀ ਸਵੈਮ ਸੇਵਕ



ਸੰਘ ਨੂੰ ਕੁਆਰਿਆਂ ਦਾ ਕਲੱਬ ਕਰਾਰ ਦਿੱਤਾ ਅਤੇ ਕਿਹਾ ਹੈ ਕਿ ਦੂਜਿਆਂ ਤੋਂ ਜ਼ਿਆਦਾ ਬੱਚੇ ਪੈਦਾ ਕਰਨ ਦੀ ਗੱਲ ਕਹਿਣ ਵਾਲੇ ਲੋਕਾਂ ਨੂੰ ਅਜਿਹਾ ਕਹਿਣ ਦਾ ਕੋਈ ਹੱਕ ਨਹੀਂ ਹੈ, ਕਿਉਂਕਿ ਉਹ ਖੁਦ ਵਿਆਹੇ ਨਹੀਂ ਹੁੰਦੇ।

# ਰਾਮਗੜ੍ਹੀਆ ਬੀ.ਐੱਡ. ਕਾਲਜ ਵਿਖੇ ਅੰਤਰਰਾਸ਼ਟਰੀ ਕਾਨਫਰੰਸ ਦਾ ਆਯੋਜਨ

**ਫਗਵਾੜਾ, (ਬੀ.ਕੇ.ਰੱਤੂ)–** ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ (ਬੀ.ਐਡ) ਕਾਲਜ ਫਗਵਾੜਾ ਵਿਖੇ "ਸਿੱਖਿਆ ਦੇ ਖੇਤਰ ਦੇ ਨਵੇਂ ਰੁਝਾਨ, ਬਦਲ ਤੇ ਪ੍ਰਭਾਵ" ਵਿਸ਼ੇ 'ਤੇ ਦੋ ਰੋਜ਼ਾ ਇੰਟਰਨੈਸ਼ਨਲ ਕਾਨਫਰੰਸ ਦੇ ਪਹਿਲੇ ਦਿਨ ਮੁੱਖ ਮਹਿਮਾਨ ਵਜੋਂ ਚੇਅਰਮੈਨ ਆਰ.ਈ.ਸੀ. ਐਡਵੋਕੇਟ ਭਰਪੂਰ ਸਿੰਘ ਭੋਗਲ, ਪ੍ਰੋ:ਆਰ.ਕੇ.ਕੋਹਲੀ ਵਾਈਸ ਕੌਂਸਲਰ ਸੈਂਟਰਲ ਯੂਨੀਵਰਸਿਟੀ ਆਫ ਪੰਜਾਬ, ਪ੍ਰਿੰਸੀਪਲ ਮਨਪ੍ਰੀਤ ਕੋਰ ਭੋਗਲ, ਡਾਇਰੈਕਟਰ ਵਿਉਮਾ ਭੋਗਲ ਢੱਟ, ਰਵਨੀਤ ਸਿੰਘ ਭੋਗਲ, ਗਗਨਦੀਪ ਸਿੰਘ ਢੱਟ ਐਮ.ਡੀ. ਅਲਫਾ ਗਲੋਬਲ ਇੰਟਰਪ੍ਰਾਈਜ਼ਜ, ਗੁਰਮਿੰਦਰ ਸਿੰਘ ਬਾਹੜਾ ਤੇ ਜਤਿੰਦਰ ਸਿੰਘ ਵਿਰਦੀ ਵਿਸ਼ੇਸ਼ ਤੋਰ 'ਤੇ ਸ਼ਾਮਲ ਹੋਏ।

-------------


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

ਕੈਲੇਫੋਰਨੀਆ ਵਿਚ ਰਹਿੰਦੇ ਕਲਾਕਾਰਾਂ ਲਈ ਖੁਸ਼ਖਬਰੀ

ARMAAN MUSIC PRODUCTION STUDIO

ਹੁਣ ਇੰਡੀਆ ਜਾ ਕੇ ਆਪਣੀ ਸੀ ਡੀ ਦੀ ਰਿਕਾਰਡਿੰਗ ਕਰਵਾਉਣ ਦੀ ਬਜਾਏ AMP, Studio ਵਿਚ ਹੀ ਸਾਰਾ ਕੰਮ ਕਰ ਸਕਦੇ ਹੋ



ਖੁੱਲ੍ਹ ਗਿਆ ਹੈ ਸਟਾਕਟਨ ਵਿਚ

ਸਾਡੇ ਕੋਲ ਪੂਰੇ ਹੈ ਹਾਈਟੈਕ Equipment

ਅਸੀਂ PROTOOL, LOGIC ਤੇ ਰਿਕਾਰਡਿੰਗ ਕਰਦੇ ਹਾਂ।

ਹੋਰ ਜਾਣਕਾਰੀ ਲਈ ਸੰਪਰਕ ਕਰੋ

209-242-3642

Email:-

NEWZINDGI@GMAIL.COM


# ਗਾਇਕ ਹਰਪ੍ਰੀਤ ਰੰਧਾਵਾ ਦੀ ਨਵੀ ਐਲਬਮ "ਚੜਦੀ ਕਲਾ" ਇਟਲੀ ਚ ਰੀਲੀਜ਼

ਰੋਮ (ਇਟਲੀ) ਟੇਕ ਚੰਦ ਜਗਤਪੁਰ– ਸਮੁਚੇ ਵਿਸ਼ਵ ਭਰ ਚ ਪੰਜਾਬੀ ਗਾਇਕੀ ਚ ਆਪਣੀ ਨਿਵੇਕਲੀ, ਦਿਲਕਸ਼ ਅਤੇ ਖੂਬਸੂਰਤ ਅਵਾਜ ਰਾਹੀ ਨਾਮਣਾ ਖੱਟਣ ਵਾਲੇ ਪੰਜਾਬੀਆਂ ਦੇ ਹਰਦਿਲ ਅਜੀਜ਼ ਅਤੇ ਚਹੇਤੇ ਗਾਇਕ ਹਰਪ੍ਰੀਤ ਰੰਧਾਵਾ ਦੀ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਗੁਰਪੁਰਬ ਨੂੰ ਸਮਰਪਿਤ ਨਵੀਂ ਧਾਰਮਿਕ ਐਲਬਮ "ਚੜਦੀ ਕਲਾ" ਸ੍ਰੀ ਗੁਰੂ ਰਵਿਦਾਸ ਸਭਾ ਮਾਨਤੋਵਾ ਵਲੋ ਗੁਰਪੁਰਬ ਦੇ ਸਬੰਧ ਚ ਕਰਵਾਏ ਗਏ ਸਮਾਗਮ ਚ ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਚੇਜੋਲੇ ਮਾਨਤੋਵਾ ਵਿਖੇ ਸੰਗਤਾਂ ਦੀ ਹਾਜਰੀ ਚ ਰੀਲੀਜ ਕੀਤੀ ਗਈ ਇਸ ਸਮਾਗਮ ਚ ਗਾਇਕ ਹਰਪ੍ਰੀਤ ਰੰਧਾਵਾ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਗਾਇਕ ਹਰਪ੍ਰੀਤ ਰੰਧਾਵਾ ਦਾ ਇਸ ਐਲਬਮ ਦੀ ਟਾਈਟਲ ਗੀਤ"ਰਵਿਦਾਸੀਆਂ ਦੀ ਰਹੂ ਸਦਾ ਚੜਦੀ ਕਲਾ "ਅਜਕਲ ਸੋਸ਼ਲ ਸਾਇਟਾਂ ਯੂ ਟੀਊਬ,ਫੇਸ ਬੁੱਕ, ਵਾਟਸਅੱਪ ਤੇ ਚਰਚਿਤ ਹੋਇਆ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦਿਆ ਗਾਇਕ ਹਰਪ੍ਰੀਤ ਰੰਧਾਵਾ ਨੇ ਦੱਸਿਆ ਕਿ ਇਹ ਐਲਬਮ ਵਿਸ਼ਵ ਪੱਧਰ ਪੰਜਾਬ ਤੋ ਇਲਾਵਾ ਇੰਗਲੈਡ, ਕਨੇਡਾ, ਅਮਰੀਕਾ, ਯੂਰਪ ਅਤੇ ਅਸਟ੍ਰੇਲੀਆ ਵਿਚ ਵੀ ਰੀਲੀਜ ਕੀਤੀ ਗਈ ਹੈ। ਇਸ ਐਲਬਮ ਚ ਉਸ ਦੇ ਗੀਤ " ਰਵਿਦਾਸੀਆਂ ਦੀ ਰਹੂ ਸਦਾ ਚੜਦੀ ਕਲਾ" ਅਤੇ "ਤੇਰਾ ਨਾਮ" ਗੀਤ ਨੂੰ ਵੀ ਬੇਹੱਦ ਭਰਵਾ ਹੁੰਗਾਰਾ ਮਿਲ ਰਿਹਾ ਹੈ। ਨੂਰ ਇੰਟਰਟੇਨਮੈਂਟ ਕੰਪਨੀ ਵਲੋ ਤਿਆਰ ਕੀਤੀ ਗਈ ਇਸ ਐਲਬਮ ਦੇ ਗੀਤ ਗੀਤਕਾਰ ਮਾਣੀ ਫਗਵਾੜਾ ਅਤੇ ਮਹਿੰਦਰ ਸੰਧੂ ਨੇ ਕਲਮਬੱਧ ਕੀਤੇ ਹਨ ਅਤੇ ਸੰਗੀਤ ਪ੍ਰਸਿਧ ਸੰਗੀਤਕਾਰ ਅਤੇ ਗਾਇਕ ਆਸ਼ੂ ਸਿੰਘ ਨੇ ਦਿੱਤਾ ਹੈ। ਇਸ ਮੌਕੇ ਤੇ ਟੇਕ ਚੰਦ ਜਗਤਪੁਰ ਪ੍ਰਧਾਨ ਬਾਬਾ ਰਾਮ ਚੰਦ ਯਾਦਗਾਰੀ ਟਰੱਸਟ ਯੂਰਪ, ਗੀਤਕਾਰ ਮਾਣੀ ਫਗਵਾੜੇ ਵਾਲਾ,ਸ੍ਰੀ ਦੇਵ ਰਾਜ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਮਾਨਤੋਵਾ, ਸਰਬਜੀਤ ਸਿੰਘ ਜਗਤਪੁਰ, ਗੁਰਮੇਲ ਮਹਿਤਾ, ਸ੍ਰੀ ਸਸ਼ੀ ਕਪੂਰ ਪ੍ਰਧਾਨ ਬੈਰਗਾਮੋ ਆਦਿ ਹਾਜਰ ਸਨ।



# ਬਸਪਾ ਸੰਗਰੂਰ ਵਿਚ ਮਨਾਏਗੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ - ਕਰੀਮਪੁਰੀ

**ਫਗਵਾੜਾ (ਰੱਤੂ)–** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਤੇ ਸਾਬਕਾ ਰਾਜਸਭਾ ਮੈਂਬਰ ਸ. ਅਵਤਾਰ ਸਿੰਘ ਕਰੀਮਪੁਰੀ ਨੇ ਇੱਥੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਬਸਪਾ ਵਲੋਂ ਇਸਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ 15 ਮਾਰਚ ਨੂੰ ਸੰਗਰੂਰ ਵਿਚ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਸੰਗਰੂਰ ਦੀ ਦਾਣਾਮੰਡੀ ਵਿਚ ਸਮਾਗਮ ਕੀਤਾ ਜਾਵੇਗਾ ਤੇ ਸਾਹਿਬ ਵਲੋਂ ਸ਼ੁਰੂ ਕੀਤੇ ਬਸਪਾ ਅੰਦੋਲਨ ’ਤੇ ਵਿਚਾਰਾਂ ਵੀ ਕੀਤੀਆਂ ਜਾਣਗੀਆਂ। ਇਸ ਦਿਨ ਹੀ ਸਮਾਗਮ ਤੋਂ ਬਾਅਦ ਬਸਪਾ ਦੀ ਪੰਜਾਬ ਬਚਾਓ ਮੁਹਿੰਮ ਤਹਿਤ ਸ਼ਹਿਰ ਵਿਚ ਜਾਗ੍ਰਤੀ ਮਾਰਚ ਵੀ ਕੱਢਿਆ ਜਾਵੇਗਾ। ਇਹ ਮਾਰਚ ਸੂਬੇ ਵਿਚੋਂ ਨਸ਼ਿਆਂ ਦੇ ਖਾਤਮੇ, ਬੇਰੁਜਗਾਰੀ, ਭ੍ਰਿਸ਼ਟਾਚਾਰ ਦੇ ਖਾਤਮੇ, ਦਲਿਤਾਂ ਤੇ ਔਰਤਾਂ ’ਤੇ ਅਤਿਆਚਾਰਾਂ ਨੂੰ ਰੋਕਣ ਲਈ ਸਖਤ ਕਾਰਵਾਈ, ਅਨੁਸੂਚਿਤ ਜਾਤੀਆਂ ਤੇ ਪਛੜੇ ਵਰਗ ਨਾਲ ਸਬੰਧਤ ਮੁਲਾਜਮਾਂ ਦੀਆਂ ਤਰੱਕੀਆਂ ਲਈ ਰੋਸਟਰ ਸਿਸਟਮ ਬਹਾਲ ਕਰਵਾਉਣ, ਕਿਸਾਨ ਤੇ ਮਜਦੂਰ ਦੀ ਹਾਲਤ ਸੁਧਾਰਨ ਆਦਿ ਦੇ ਮੁੱਦਿਆਂ ਨੂੰ ਲੈ ਕੇ ਕੀਤਾ ਜਾਵੇਗਾ। ਸ. ਕਰੀਮਪੁਰੀ ਨੇ ਇਹ ਵੀ ਦੱਸਿਆ ਕਿ ਇਸ ਸਮਾਗਮ ਨੂੰ ਲੈ ਕੇ ਵੱਖ ਵੱਖ ਜਿਲ੍ਹਿਆਂ ਵਿਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਸ੍ਰੀ ਗੁਰੂ ਰਵਿਦਾਸ ਜੀ ਦੇ ਬਾਰੇ ਸ਼ਰਾਰਤੀ ਤੱਤਾਂ ਵਲੋਂ ਕੀਤੀਆਂ ਗਲਤ ਟਿੱਪਣੀਆਂ ਦੀ ਵੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਸ਼ੋਸ਼ਲ ਮੀਡੀਆ ’ਤੇ ਕਾਫੀ ਹੋ ਰਹੀਆਂ ਹਨ, ਜਿਸ ਨਾਲ ਸ੍ਰੀ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਦੀਆਂ ਭਾਵਨਾਵਾਂ ਨੂੰ ਸ਼ਰਾਰਤੀ ਤੱਤਾਂ ਵਲੋਂ ਠੇਸ ਪਹੁੰਚਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਅਕਾਲੀ ਭਾਜਪਾ ਸਰਕਾਰ ਵਲੋਂ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਢਿਲਮੱਠ ਦੀ ਨੀਤੀ ਨਹੀਂ ਅਪਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਅਜਿਹੇ ਮਾਮਲਿਆਂ ਵਿਚ ਢਿਲਮੱਠ ਦੀ ਨੀਤੀ ਅਪਣਾਏਗੀ ਤਾਂ ਇਸਦੇ ਨਾਲ ਸਮਾਜਿਕ ਸਦਭਾਵਨਾ ’ਤੇ ਅਸਰ ਪਵੇਗਾ ਤੇ ਸਮਾਜਿਕ ਤੌਰ ’ਤੇ ਵੀ ਤਣਾਅ ਪੈਦਾ ਹੋ ਸਕਦਾ ਹੈ, ਜਿਸਦੀ ਜਿੰਮੇਵਾਰੀ ਸਰਕਾਰ ਦੀ ਹੋਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਖਿਲਾਫ ਗਲਤ ਟਿੱਪਣੀਆਂ ਕਰਨ ਵਾਲੇ ਸ਼ਰਾਰਤੀ ਤੱਤਾਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ਤੇ ਇਹ ਵੀ ਪਤਾ ਲਗਾਇਆ ਜਾਵੇ ਕਿ ਇਸ ਸਾਜਿਸ਼ ਵਿਚ ਹੋਰ ਕੌਣ ਲੋਕ ਸ਼ਾਮਲ ਹਨ ਤੇ ਉਨ੍ਹਾਂ ਖਿਲਾਫ ਵੀ ਸਖਤ ਕਾਰਵਾਈ ਕੀਤੀ ਜਾਵੇ।

# ਸ਼ੋਸਲ ਮੀਡੀਆ ’ਤੇ ਸ਼੍ਰੀ ਗੁਰੂ ਰਵਿਦਾਸ ਜੀ ਬਾਰੇ ਅੱਪਸ਼ਬਦ ਲਿਖਣ ਵਾਲਿਆਂ ਨੂੰ ਤਰੁੰਤ ਗ੍ਰਿਫਤਾਰ ਕੀਤਾ ਜਾਵੇ-ਅੰਬੇਡਕਰ ਸੈਨਾ

ਫਗਵਾੜਾ, (ਬੀ.ਕੇ.ਰੱਤੂ)- ਸਾਂਝੀਵਾਲਤਾ ਦੇ ਹਾਮੀ ਕ੍ਰਾਂਤੀਕਾਰੀ ਰਹਿਬਰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਫੋਟੋ ਅਤੇ ਇਤਰਾਜਯੋਗ ਸ਼ਬਦਾਂਵਲੀ ਦੀ ਵਰਤੋਂ ਕਰਕੇ ਸ਼ਰਾਰਤੀ ਅਨ੍ਹਸਰਾਂ ਵੱਲੋਂ 'ਫੇਸਬੁੱਕ’ 'ਤੇ ਅੱਪਲੋਡ ਕਰਨ ਦੀ ਘਟਨਾ ਦੀ ਅੰਬੇਡਕਰ ਸੈਨਾ ਪੰਜਾਬ ਦੇ ਸੂਬਾ ਜਨਰਲ ਸਕੱਤਰ ਕਮਲ ਲੱਖਪੁਰ, ਹਰਜਿੰਦਰ ਜੰਡਾਲੀ ਮੈਂਬਰ ਬਲਾਕ ਸੰਮਤੀ, ਪ੍ਰਨੀਸ਼ ਬੰਗਾ ਨੇ ਸਖਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਦੋਸ਼ੀਆਂ ਖਿਲਾਫ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕਰਕੇ ਦੋਸ਼ੀਆਂ ਨੂੰ ਜੇਲ੍ਹ ਬੰਦ ਕਰਨ ਦੀ ਮੰਗ ਕੀਤੀ।ਉਕਤ ਆਗੂਆਂ ਨੇ ਕਿਹਾ ਕਿ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦਾ ਅਪਮਾਨ ਕਿਸੇ ਵੀ ਕੀਮਤ 'ਤੇ ਸਹਿਣ ਨਹੀਂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਮੁੱਚੀ ਰਵਿਦਾਸੀਆ ਕੌਮ ਨੂੰ ਇਹੋ ਜਿਹੀਆਂ ਘਿਨੌਣੀਆ ਹਰਕਤਾਂ ਕਰਨ ਵਾਲੇ ਦੋਸ਼ੀਆਂ ਨੂੰ ਮੂੰਹ ਤੋੜ ਜਵਾਬ ਦੇਣ ਲਈ ਇੱਕ ਪਲੇਫਾਰਮ 'ਤੇ ਇੱਕਠਾ ਹੋਣਾ ਚਾਹੀਦਾ ਹੈ ਤਾਂ ਜੋ ਅੱਗੇ ਤੋਂ ਕੋਈ ਵੀ ਸ਼ਰਾਰਤੀ ਅਨ੍ਹਸਰ ਇਹੋ ਜਿਹੀ ਘਿਨੌਣੀ ਘਟਨਾ ਨੂੰ ਅੰਜ਼ਾਮ ਦੇਣ ਤੋਂ ਪਹਿਲਾਂ ਸੋ ਬਾਰ ਸੋਚੇ।ਉਕਤ ਆਗੂਆਂ ਨੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਗੁਰੂ ਜੀ ਬਾਰੇ ਅੱਪਸ਼ਬਦ ਲਿਖ ਕੇ ਸ਼ੋਸਲ ਮੀਡੀਆ 'ਤੇ ਪਾਉਣ ਵਾਲਿਆਂ ਨੂੰ ਤਰੁੰਤ ਗ੍ਰਿਫਤਾਰ ਨਾ ਕੀਤਾ ਤਾਂ ਸਮੁੱਚੀ ਕੌਮ ਸੜਕਾਂ 'ਤੇ ਉਤਰਨ ਲਈ ਮਜ਼ਬੂਰ ਹੋਵੇਗੀ।



ਭਾਸ਼ਾ ਵਿਭਾਗ ਪੰਜਾਬ ਅਤੇ ਪੰਜਾਬੀ ਸਾਹਿਤ ਸਭਾ ਨਵਾਂ ਸ਼ਹਿਰ ਵਲੋਂ 15 ਫਰਵਰੀ ਨੂੰ ਪਿੰਡ ਬੇਗਮ ਪੁਰ ਵਿਖੇ ਆਯੋਜਿਤ ਹੋਏ ਇਕ ਸਮਾਗਮ ਮੌਕੇ ਕਾਲਮ-ਨਵੀਸ ਤਰਲੋਚਨ ਸਿੰਘ ’ਦੁਪਾਲ ਪੁਰ’ ਨੂੰ ਸਨਮਾਨਿਤ ਕੀਤਾ ਗਿਆ।




## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ (ਕੈਲੇਫੋਰਨੀਆ) ਵਿਖੇ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਹਰ ਸਾਲ ਦੀ ਤਰ੍ਹਾਂ ਦਿਨ ਐਤਵਾਰ ਮਾਰਚ 15, 2015 ਨੂੰ ਮਨਾਇਆ ਜਾ ਰਿਹਾ ਹੈ। ਦੇਸ਼-ਵਿਦੇਸ਼ ਵਿਚ ਵੱਸਦੀਆਂ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਦੀਆਂ ਲੱਖ-ਲੱਖ ਮੁਬਾਰਕਾਂ ਹੋਣ। ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਹਾਜ਼ਰੀ ਲਵਾ ਕੇ ਸਤਿਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।




ਆਰੰਭ ਸ੍ਰੀ ਅਖੰਡ ਪਾਠ ਸਾਹਿਬ 13 ਮਾਰਚ 2015, ਸ਼ੁੱਕਰਵਾਰ 10 ਵਜੇ ਸਵੇਰੇ
ਕੀਰਤਨ ਦਰਬਾਰ ਸ਼ਨੀਚਰਵਾਰ 14 ਮਾਰਚ 2015, ਸ਼ਾਮ 6 ਵਜੇ ਤੋਂ ਸ਼ਾਮ 9 ਵਜੇ ਤੱਕ
ਅਖੰਡ ਪਾਠ ਸਾਹਿਬ ਦੇ ਭੋਗ 15 ਮਾਰਚ 2015 ਸਵੇਰੇ 10 ਵਜੇ ਐਤਵਾਰ

ਬੇਨਤੀ ਕਰਤਾ: ਕਮੇਟੀ ਮੈਂਬਰ (ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਮੈਂਬਰ)

**Shri Guru Ravidass Temple, 2650 Blaine Ave; Selma (CA.)**

ਹੋਰ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ 559-891-8286) ਤੇ ਸੰਪਰਕ ਕੀਤਾ ਜਾ ਸਕਦਾ ਹੈ

## ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।

ਹੋਰ ਜਾਣਕਾਰੀ ਲਈ ਸੰਪਰਕ ਕਰੋ

**209-479-0242**

## AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।



Prop: Jasbir Singh Takhar
510-755-2132

We Do Complete Engine Transmission, Body and Paint Work We Sell Used Cars at a Good Price

Free Estimates
Free Towing



Harmandeep Singh

**510- 733- 2222**

1421 Industrial PKWY West#F Hayward, CA 94544

ਦੇਸ਼ ਦੁਆਬਾ

# ਆਮ ਆਦਮੀ ਪਾਰਟੀ ਦਾ ਉਭਾਰ ਤੇ ਪੰਜਾਬ ਦੀ ਸਿਆਸਤ

ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਹੂੰਝਾ ਫੇਰ ਜਿੱਤ ਤੋਂ ਬਾਅਦ ਹੁਣ ਇਸ ਪਾਰਟੀ ਦੀ ਨਜ਼ਰ ਕਈ ਸੂਬਿਆਂ ਦੀਆਂ ਚੋਣਾਂ ਤੇ ਹੈ ਅਤੇ ਜ਼ਾਹਿਰ ਹੈ ਕਿ ਇਸ ਮਿਸ਼ਨ ਵਿਚ ਸਭ ਤੋਂ ਜ਼ਿਆਦਾ ਆਸ ਪਾਰਟੀ ਨੂੰ ਪੰਜਾਬ ਤੋਂ ਹੈ। ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਚਾਰ ਐਮ ਪੀ ਹਨ ਅਤੇ ਇਹਨਾਂ ਚਾਰਾਂ ਵਿਚੋਂ ਸਭ ਤੋਂ ਅਹਿਮ ਹਨ ਭਗਵੰਤ ਮਾਨ, ਜਿਹਨਾਂ ਨੇ ਸੰਗਰੂਰ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਅਤੇ ਅਕਾਲੀ ਦਲ ਦੇ ਲੀਡਰਾਂ ਨੂੰ ਦਿੱਲੀ ਵਾਂਗ ਹੀ ਧੂੜ ਚਟਾ ਦਿੱਤੀ ਸੀ। ਗਨੀਮਤ ਇਹ ਹੈ ਕਿ ਇਸੇ ਹਲਕੇ ਵਿਚ ਹੀ ਧੂਰੀ ਵਿਧਾਨ ਸਭਾ ਹਲਕਾ ਪੈਂਦਾ ਹੈ ਅਤੇ ਲੋਕ ਸਭਾ ਚੋਣਾਂ ਤੋਂ ਬਾਅਦ ਭਗਵੰਤ ਮਾਨ ਦੇ ਲਈ ਇਹ ਪਹਿਲੀ ਸਿਆਸੀ ਪ੍ਰੀਖਿਆ ਹੋਵੇਗੀ। ਆਮ ਆਦਮੀ ਪਾਰਟੀ ਪੰਜਾਬ ਵਿਚ ਭਗਵੰਤ ਮਾਨ ਨੂੰ ਆਪਣੇ ਭਵਿੱਖੀ ਲੀਡਰ ਵਜੋਂ ਦੇਖ ਰਹੀ ਹੈ, ਇਸ ਕਰਕੇ ਇਹ ਚੋਣ ਜਿੱਥੇ ਆਮ ਆਦਮੀ ਲਈ ਜ਼ਿਆਦਾ ਅਹਿਮ ਹੈ, ਉਥੇ ਹੀ ਭਗਵੰਤ ਮਾਨ ਦਾ ਸਿਆਸੀ ਕੈਰੀਅਰ ਵੀ ਤਹਿ ਕਰਨ ਵਿਚ ਸਹਾਈ ਹੋਵੇਗੀ। ਪਰ ਇਹ ਵੀ ਕਨਸੋਆਂ ਹਨ ਕਿ ਆਮ ਆਦਮੀ ਪਾਰਟੀ ਇਸ ਚੋਣ ਵਿਚ ਸ਼ਾਮਲ ਹੋਣ ਬਾਰੇ ਫਿਲਹਾਲ ਦੁਚਿੱਤੀ ਵਿਚ ਹੈ। ਇਸ ਦੇ ਕਈ ਕਾਰਨ ਹਨ। ਪਹਿਲਾ ਕਾਰਨ ਤਾਂ ਇਹ ਹੈ ਕਿ ਪਾਰਟੀ ਚਾਹੁੰਦੀ ਹੈ ਕਿ ਪੰਜਾਬ ਵਿਚ ਸੱਤਾਧਾਰੀ ਅਤੇ ਵਿਰੋਧੀ ਧਿਰ ਕਾਂਗਰਸ ਦੇ ਨਾਲ ਇਕ ਉਪ ਚੋਣ ਵਿਚ ਟੱਕਰ ਲੈਣ ਦੀ ਬਜਾਏ ਪਾਰਟੀ ਨੂੰ ਆਪਣਾ ਸੰਗਠਨਾਤਮਕ ਢਾਂਚਾ ਮਜ਼ਬੂਤ ਕਰਨਾ ਚਾਹੀਦਾ ਹੈ। ਪੰਜਾਬ ਵਿਧਾਨ ਸਭਾ ਚੋਣਾਂ ਵਿਚ ਫਿਲਹਾਲ ਦੋ ਸਾਲ ਦੇ ਕਰੀਬ ਸਮਾਂ ਪਿਆ ਹੈ ਅਤੇ ਇਸ ਸਮੇਂ ਦਰਮਿਆਨ ਪਾਰਟੀ ਪੰਜਾਬ ਵਿਚ ਆਪਣਾ ਮਜ਼ਬੂਤ ਢਾਂਚਾ ਵੀ ਖੜ੍ਹਾ ਕਰ ਸਕਦੀ ਹੈ ਅਤੇ ਆਗਾਮੀ ਚੋਣਾਂ ਦੀ ਰਣਨੀਤੀ ਵੀ ਅਖਤਿਆਰ ਕਰ ਸਕਦੀ ਹੈ। ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਨੂੰ ਕੇਂਦਰ ਦੀ ਮੋਦੀ ਸਰਕਾਰ ਦਾ ਬਹੁਤ ਵੱਡਾ ਸਹਾਰਾ ਹੈ। ਚੋਣਾਂ ਦਾ ਸਮਾਂ ਆਉਂਦਿਆਂ ਹੀ ਕੇਂਦਰ ਸਰਕਾਰ ਪੰਜਾਬ ਦੇ ਲਈ ਖਜ਼ਾਨੇ ਦੇ ਮੂੰਹ ਖੋਲ੍ਹ ਸਕਦੀ ਹੈ ਅਤੇ ਵੱਡੀਆਂ-ਵੱਡੀਆਂ ਯੋਜਨਾਵਾਂ ਪੰਜਾਬ ਵਿਚ ਲਿਆ ਕੇ ਜਨਤਾ ਦੀ ਰਾਏ ਨੂੰ ਪ੍ਰਭ-ਾਵਿਤ ਕੀਤਾ ਜਾ ਸਕਦਾ ਹੈ। ਦੂਜਾ ਅਹਿਮ ਕਾਰਨ ਇਹ ਹੈ ਕਿ ਆਮ ਆਦਮੀ ਪਾਰਟੀ ਇਹ ਵੀ ਵਿਚਾਰ ਰੱਖਦੀ ਹੈ ਕਿ ਭਵਿੱਖ ਵਿਚ ਅਕਾਲੀ ਦਲ ਅਤੇ ਭਾਜਪਾ ਦਾ ਗੱਠਜੋੜ ਰਹੇਗਾ ਜਾਂ ਨਹੀਂ, ਇਹ ਦੇਖਣਾ ਵੀ ਜ਼ਰੂਰੀ ਹੈ। ਪੰਜਾਬ ਭਾਜਪਾ ਵਿਚ ਦਿੱਲੀ ਚੋਣਾਂ ਹੁੰਦਿਆਂ ਹੀ ਇਕ ਵਾਰ ਫਿਰ ਕਾਟੋ-ਕਲੇਸ਼ ਆਰੰਭ ਹੋ ਗਿਆ ਹੈ। ਭਾਜਪਾ ਦੇ ਕਈ ਲੀਡਰ ਤਾਂ ਅਕਾਲੀ ਦਲ ਨਾਲੋਂ ਸਬੰਧ ਤੋੜਨ ਲਈ ਫਿਰ ਆਵਾਜ਼ ਉਠਾਉਣ ਲੱਗ ਪਏ ਹਨ। ਬੇਸ਼ੱਕ ਨਵਜੋਤ ਸਿੱਧੂ ਫਿਲਹਾਲ ਚੁੱਪ ਹਨ ਪਰ ਉਹਨਾਂ ਦੇ ਗਰੁੱਪ ਦੇ ਜ਼ਿਆਦਾਤਰ ਪੰਜਾਬ ਭਾਜਪਾ ਦੇ ਲੀਡਰ ਅਕਾਲੀਆਂ ਨਾਲੋਂ ਤੋੜ ਵਿਛੋੜ ਕਰਕੇ 2017 ਵਿਚ ਇਕੱਲਿਆਂ ਚੋਣ ਮੈਦਾਨ ਵਿਚ ਉਤਰਨ ਦੇ ਪੱਖ ਵਿਚ ਹਨ। ਇਹੀ ਹਾਲ ਕਾਂਗਰਸ ਦੇ ਅੰਦਰ ਹੋਇਆ ਪਿਆ ਹੈ। ਕਾਂਗਰਸ ਦੇ ਅੰਦਰ ਕਾਟੋ-ਕਲੇਸ਼ ਸਿਖਰ ਤੇ ਹੈ ਅਤੇ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਵੀ ਇਸ ਦਾ ਫਿਲਹਾਲ ਕੋਈ ਹੱਲ ਲੱਭਣ ਵਿਚ ਅਸਫਲ ਨਜ਼ਰ ਆ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਦੀ ਅੜੀ ਦੇ ਕਾਰਨ ਕਾਂਗਰਸ ਬੇਵੱਸ ਨਜ਼ਰ ਆ ਰਹੀ ਹੈ। ਕਾਂਗਰਸ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਕੇਂਦਰੀ ਸਿਆਸਤ ਵਿਚ ਅਹਿਮ ਜ਼ਿੰਮੇਵਾਰੀ ਵੀ ਦਿੱਤੀ ਹੈ ਪਰ ਇਸ ਦੇ ਬਾਵਜੂਦ ਉਹਨਾਂ ਦਾ ਰੁਖ ਹਾਲੇ ਵੀ ਪੰਜਾਬ ਦੀ ਸਿਆਸਤ ਵਿਚ ਹੀ ਅਟਕਿਆ ਪਿਆ ਹੈ। ਇਸ ਕਰਕੇ ਕਾਂਗਰਸ ਜੇਕਰ 2017 ਤੱਕ ਇਸੇ ਸਥਿਤੀ ਵਿਚ ਰਹਿੰਦੀ ਹੈ ਤਾਂ ਸੰਭਵ ਹੈ ਕਿ ਕਾਂਗਰਸ ਨੂੰ ਕਾਂਗਰਸ ਦੇ ਅੰਦਰੋਂ ਹੀ ਮਾਰਨ ਵਾਲੇ ਬਹੁਤ ਉਠ ਖੜ੍ਹੇ ਹੋਣਗੇ। ਆਮ ਆਦਮੀ ਪਾਰਟੀ ਇਹ ਵੀ ਚੰਗੀ ਤਰ੍ਹਾਂ ਜਾਣਦੀ ਹੈ ਕਿ ਦਿੱਲੀ ਅਤੇ ਪੰਜਾਬ ਦੀ ਸਿਆਸਤ ਵਿਚ ਬਹੁਤ ਫਰਕ ਹੈ। ਦਿੱਲੀ ਵਿਚ ਲੋਕੀ ਪੰਜਾਬ ਤੋਂ ਜ਼ਿਆਦਾ ਜਾਗਰੂਕ ਹਨ ਅਤੇ ਵਪਾਰੀ ਵਰਗ ਜ਼ਿਆਦਾ ਹੋਣ ਕਾਰਨ ਕਿਸੇ ਪਾਰਟੀ ਵਿਸ਼ੇਸ਼ ਨਾਲ ਜੁੜਿਆ ਹੋਇਆ ਨਹੀਂ ਹੈ। ਦਿੱਲੀ ਵਿਚ ਬਾਹਰਲੇ ਸੂਬਿਆਂ ਤੋਂ ਆ ਕੇ ਬਹੁਤ ਲੋਕੀ ਵੱਸਦੇ ਹਨ, ਉਹਨਾਂ ਦੀਆਂ ਰਹਿਣ ਦੀਆਂ, ਪਾਣੀ, ਬਿਜਲੀ ਦੀਆਂ ਸਮੱਸਿਆਵਾਂ, ਨਜਾਇਜ਼ ਕਬਜੇ, ਝੁੱਗੀਆਂ ਝੌਂਪੜੀਆਂ ਆਦਿ ਵਿਚ ਰਹਿਣ ਦੀਆਂ ਕਈ ਸਮੱਸਿਆਵਾਂ ਹਨ। ਪੰਜਾਬ ਵਿਚ ਸਮੱਸਿਆਵਾਂ ਦਿੱਲੀ ਤੋਂ ਵੱਖਰੀਆਂ ਹਨ। ਪੰਜਾਬ ਵਿਚ ਬਾਹਰਲੇ ਸੂਬਿਆਂ ਤੋਂ ਆ ਕੇ ਵੱਸੇ ਪ੍ਰਵਾਸੀ ਕੁਝ ਇਕ ਖੇਤਰਾਂ ਵਿਚ ਹੀ ਰਹਿੰਦੇ ਹਨ ਅਤੇ ਉਹਨਾਂ ਖੇਤਰਾਂ ਵਿਚ ਵੀ ਉਹ ਨਿਰਣਾਇਕ ਸਥਿਤੀ ਵਿਚ ਨਹੀਂ ਹਨ। ਪੰਜਾਬ ਵਿਚ ਕਿਸਾਨੀ ਤਬਕਾ ਜ਼ਿਆਦਾ ਹੈ, ਜਿਹੜਾ ਬੇਰੁਜ਼ਗਾਰੀ, ਨਸ਼ੇ, ਕਰਜ਼ੇ ਵਰਗੀਆਂ ਸਮੱਸਿਆਵਾਂ ਨਾਲ ਦੋ-ਚਾਰ ਹੋ ਰਿਹਾ ਹੈ। ਪੰਜਾਬ ਵਿਚ ਉਦਯੋਗਾਂ ਦਾ ਸਫਾਇਆ ਹੋ ਗਿਆ ਹੈ ਅਤੇ ਨਵਾਂ ਨਿਵੇਸ਼ ਬਿਲਕੁਲ ਨਹੀਂ ਹੋ ਰਿਹਾ ਹੈ। ਪ੍ਰਾਪਰਟੀ ਦਾ ਜੋ ਹੱਲਾ 8-10 ਸਾਲ ਪਹਿਲਾਂ ਮੱਚਿਆ ਸੀ, ਉਹ ਵੀ ਠੰਡਾ ਪੈ ਚੁੱਕਾ ਹੈ। ਇਸ ਕਰਕੇ ਪੰਜਾਬ ਦੇ ਮਸਲੇ ਵੀ ਦਿੱਲੀ ਤੋਂ ਵੱਖਰੇ ਹਨ ਅਤੇ ਇਹਨਾਂ ਦਾ ਹੱਲ ਵੀ ਦਿੱਲੀ ਤੋਂ ਬਿਲਕੁਲ ਵੱਖਰਾ ਹੈ। ਪੰਜਾਬ ਵਿਚ ਜ਼ਿਆਦਾਤਰ ਲੋਕ ਰਵਾਇਤੀ ਤੌਰ ਤੇ ਸਿਆਸੀ ਪਾਰਟੀਆਂ ਨਾਲ ਜੁੜੇ ਹੋਏ ਹਨ ਅਤੇ ਕੁਝ ਫੀਸਦੀ ਹੀ ਲੋਕ ਅਜਿਹੇ ਹਨ, ਜਿਹੜੇ ਸਮਾਂ ਅਤੇ ਸਮਰੱਥਾ ਦੇਖ ਕੇ ਵੋਟ ਦਿੰਦੇ ਹਨ। ਇਹੀ ਕਾਰਨ ਹੈ ਕਿ ਪੰਜਾਬ ਵਿਚ ਕਾਂਗਰਸ ਅਤੇ ਅਕਾਲੀ ਦਲ ਤੋਂ ਬਾਅਦ ਕੋਈ ਸਿਆਸੀ ਪਾਰਟੀ ਆਪਣੇ ਪੈਰ ਮਜ਼ਬੂਤ ਨਹੀਂ ਕਰ ਪਾ ਰਹੀ ਹੈ।

ਇਸ ਵਕਤ ਧੂਰੀ ਵਿਧਾਨ ਸਭਾ ਹਲਕੇ ਦੀ ਉਪ ਚੋਣ ਨੂੰ ਪੰਜਾਬ ਦੀਆਂ ਸਿਆਸੀ ਪਾਰਟੀਆਂ ਭਵਿੱਖ ਦੀ ਰਾਜਨੀਤੀ ਦੀ ਰਾਹ ਦਸੇਰਾ ਵਜੋਂ ਦੇਖ ਰਹੀਆਂ ਹਨ। ਪੰਜਾਬ ਵਿਚ ਅਕਸਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੋਣ ਵਾਲੀਆਂ ਅਜਿਹੀਆਂ ਉਪ ਚੋਣਾਂ ਨੂੰ ਜਨਤਾ ਦੇ ਰੁਖ ਵਜੋਂ ਦੇਖਿਆ ਜਾਂਦਾ ਹੈ। ਉਪ ਚੋਣਾਂ ਵਿਚ ਸੱਤਾਧਾਰੀ ਪਾਰਟੀ ਦਾ ਪ੍ਰਭਾਵ ਜ਼ਿਆਦਾ ਰਹਿੰਦਾ ਹੈ ਅਤੇ ਇਸ ਕਾਰਨ ਵਿਰੋਧੀ ਪਾਰਟੀਆਂ ਨੂੰ ਚੋਣ ਜਿੱਤਣ ਲਈ ਬਹੁਤ ਸਖਤ ਮਿਹਨਤ ਕਰਨੀ ਪੈਂਦੀ ਹੈ। ਧੂਰੀ ਵਿਧਾਨ ਸਭਾ ਹਲਕੇ ਤੋਂ ਜੇਕਰ ਆਮ ਆਦਮੀ ਪਾਰਟੀ ਆਪਣਾ ਉਮੀਦਵਾਰ ਉਤਾਰਦੀ ਹੈ ਅਤੇ ਉਹ ਜਿੱਤ ਜਾਂਦੀ ਹੈ ਤਾਂ ਇਸ ਪਾਰਟੀ ਨੂੰ ਭਵਿੱਖ ਦੀ ਰਾਜਨੀਤੀ ਤਹਿ ਕਰਨ ਵਿਚ ਆਸਾਨੀ ਹੋਵੇਗੀ ਪਰ ਜੇਕਰ ਇਸ ਦੇ ਉਲਟ ਹੋਇਆ ਤਾਂ ਇਸ ਪਾਰਟੀ ਦੀਆਂ ਮੁਸ਼ਕਿਲਾਂ ਵਧਣਗੀਆਂ ਅਤੇ ਜਨਤਾ ਵਿਚ ਕੋਈ ਹੋਰ ਸੰਦੇਸ਼ ਵੀ ਜਾ ਸਕਦਾ ਹੈ। ਦੂਜਾ ਵੱਡਾ ਨੁਕਸਾਨ ਭਗਵੰਤ ਮਾਨ ਵਰਗੇ ਉਭਰਦੇ ਲੀਡਰ ਨੂੰ ਹੋਵੇਗੀ।



- ਤਰਸੇਮ ਜਲੰਧਰੀ

# ਕੈਲਗਰੀ ਦੀਆਂ ਸੰਗਤਾਂ ਨੇ ਗੁਰੂ ਰਵਿਦਾਸ ਦਾ ਜਨਮ ਦਿਹਾੜਾ ਮਨਾਇਆ



ਕੈਲਗਰੀ, 16 ਫਰਵਰੀ (ਜਸਜੀਤ ਸਿੰਘ ਧਾਮੀ)- ਗੁਰਦੁਆਰਾ ਗੁਰੂ ਰਵਿਦਾਸ ਸੁਸਾਇਟੀ ਕੈਲਗਰੀ ਕੈਨੇਡਾ ਵੱਲੋਂ ਸ੍ਰੀ ਗੁਰੂ ਰਵਿਦਾਸ ਦਾ 638ਵਾਂ ਜਨਮ ਦਿਹਾੜਾ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ । ਸ੍ਰੀ ਅਖੰਡ ਪਾਠ ਦੇ ਭੋਗ ਪੈਣ ਉਪਰੰਤ ਦੀਵਾਨ ਸਜਾਇਆ ਗਿਆ, ਜਿਸ ਵਿਚ ਭਾਈ ਰਘਬੀਰ ਸਿੰਘ ਗੁਰਦੁਆਰਾ ਭੱਠਾ ਸਾਹਿਬ ਵਾਲਿਆਂ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ । ਇਸ ਸਮੇਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸ: ਮਨਮੀਤ ਸਿੰਘ ਭੁੱਲਰ ਕੈਬਨਿਟ ਮੰਤਰੀ ਅਲਬਰਟਾ ਸਰਕਾਰ ਨੇ ਸੰਗਤਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਅੱਜ ਅਸੀਂ ਪ੍ਰਣ ਕਰੀਏ ਕਿ ਆਪਣੇ ਬਿਰਧ ਹੋ ਜਾਂਦੇ ਬਜ਼ੁਰਗਾਂ ਦੇ ਰਹਿਣ ਵਾਸਤੇ ਸੀਨੀਅਰ ਹੋਮ ਬਣਾਈਏ ।

ਉਨ੍ਹਾਂ ਕਿਹਾ ਕਿ ਦੂਜੇ ਸੀਨੀਅਰ ਹੋਮਜ਼ ਵਿਚ ਰਹਿੰਦੇ ਆਪਣੇ ਬਜ਼ੁਰਗਾਂ ਨੂੰ ਕਾਫੀ ਮੁਸ਼ਕਿਲਾਂ ਆ ਰਹੀਆਂ ਹਨ । ਇਸ ਕਰਕੇ ਕਮਿਉਨਿਟੀ ਨੂੰ ਇਹ ਕਾਰਜ ਪਹਿਲ ਦੇ ਆਧਾਰ 'ਤੇ ਕਰਨਾ ਚਾਹੀਦਾ ਹੈ । ਇਸ ਸਮੇਂ ਸ: ਬਲਵਿੰਦਰ ਸਿੰਘ ਸਹੋਤਾ ਨੇ ਸੰਬੋਧਨ ਕੀਤਾ । ਇਸ ਸਮੇਂ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਗਾਇਕ ਬਲਵਿੰਦਰ ਬਿੱਟੂ ਅਤੇ ਹਰਭਜਨ ਤਾਜਪੁਰੀ, ਵਿੱਕੀ ਮੋਰਾਂਵਾਲੀਆ ਨੇ ਸ੍ਰੀ ਗੁਰੂ ਰਵਿਦਾਸ ਦੇ ਜੀਵਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ । ਇਸ ਸਮੇਂ ਜਗਦੀਪ ਸਹੋਤਾ, ਜੰਗ ਬਹਾਦਰ ਸਿੰਘ ਸਿੱਧੂ, ਜਰਨੈਲ ਸਿੰਘ ਨਿੱਝਰ, ਕਰਤਾਰ ਬੜਭੰਗਾ, ਪਿਪਨ ਕੁਮਾਰ, ਜੈਸੀ ਮਿਨਹਾਸ, ਕੁਮਾਰ ਸ਼ਰਮਾ, ਸੁਖਦੇਵ ਰੱਤੂ, ਕਮਲ ਵਿਰਦੀ ਵੀ ਹਾਜ਼ਰ ਸਨ । ਇਸ ਮੌਕੇ ਪ੍ਰਧਾਨ ਮਠਾਰੂ ਪ੍ਰਸਾਦ ਅਤੇ ਚੇਅਰਮੈਨ ਰੋਸ਼ਨ ਚੁੰਬਰ ਗੋਲਡੀ ਨੇ ਹਾਜ਼ਰ ਸਾਰਿਆਂ ਦਾ ਧੰਨਵਾਦ ਕੀਤਾ । ਸਟੇਜ ਸਕੱਤਰ ਦੀ ਸੇਵਾ ਅਮਰਜੀਤ ਸੰਧੂ ਹੁਰਾਂ ਬਾਖੂਬੀ ਨਿਭਾਈ ।

# ਗਿਆਨ-ਵਿਗਿਆਨ



ਮੇਘ ਰਾਜ ਮਿੱਤਰ
+91-98887-87440

## ਛਿਪਕਲੀ ਆਪਣੀ ਪੂੰਛ ਕਿਉਂ ਛੱਡ ਜਾਂਦੀ ਹੈ?

ਧਰਤੀ ਤੇ ਬਹੁਤ ਸਾਰੇ ਜਾਨਵਰ ਅਜਿਹੇ ਹਨ ਜਿਹਨਾਂ ਦੇ ਕੱਟੇ ਹੋਏ ਅੰਗ ਦੁਬਾਰਾ ਆ ਜਾਂਦੇ ਹਨ। ਕੇਕੜੇ ਦੇ ਪੈਰ ਦੁਬਾਰਾ ਉੱਗ ਆਉਂਦੇ ਹਨ। ਤਾਰਾ ਮੱਛੀ ਦੀ ਭੁਜਾ ਦੁਬਾਰਾ ਉੱਗ ਆਉਂਦੀ ਹੈ। ਇਸ ਤਰ੍ਹਾ ਕਿਰਲੀ ਦੀ ਪੂੰਛ ਵੀ ਦੁਬਾਰਾ ਉੱਗ ਸਕਦੀ ਹੈ। ਪਰ ਮਨੁੱਖ ਵਿੱਚ ਅਜਿਹਾ ਕੋਈ ਵੀ ਦਿਖਾਈ ਦੇਣ ਯੋਗ ਸਜੀਵ ਅੰਗ ਨਹੀਂ ਜੋ ਦੁਬਾਰਾ ਉੱਗ ਸਕਦਾ ਹੋਵੇ। ਵਿਗਿਆਨੀਆਂ ਵਲੋਂ ਇਸ ਸਬੰਧੀ ਯਤਨ ਜਾਰੀ ਹਨ। ਕਿਰਲੀ ਨੂੰ ਜਦੋਂ ਵੀ ਕੋਈ ਖਤਰਾ ਹੁੰਦਾ ਹੈ ਤੇ ਕੋਈ ਵੀ ਵਸਤੂ ਇਸਦੀ ਪੂੰਛ ਨੂੰ ਛੂੰਹਦੀ ਹੈ ਤਾਂ ਉਸੇ ਸਮੇਂ ਇਹ ਆਪਣੀ ਪੂੰਛ ਦੀਆਂ ਹੱਡੀਆਂ ਢਿੱਲੇ ਰੂਪ ਵਿੱਚ ਹੀ ਇੱਕ ਦੂਜੇ ਨਾਲ ਜੁੜੀਆਂ ਹੁੰਦੀਆਂ ਹਨ। ਇਸ ਲਈ ਇਸ ਦੀ ਪੂੰਛ ਆਸਾਨੀ ਨਾਲ ਇੱਕ ਦੂਜੇ ਤੋਂ ਅਲੱਗ ਹੋ ਜਾਂਦੀ ਹੈ। ਕਿਉਂਕਿ ਇਸਦੇ ਖੂਨ ਦੇ ਸੈੱਲਾਂ ਦੇ ਅੰਤਮ ਸਿਰੇ ਲਗਭਗ ਬੰਦ ਹੁੰਦੇ ਹਨ ਇਸ ਲਈ ਖੂਨ ਵੀ ਨਹੀਂ ਨਿਕਲਦਾ ਹੈ।

## ਪਾਗਲ ਕੁੱਤੇ ਦੇ ਕੱਟਣ ਨਾਲ ਆਦਮੀ ਪਾਗਲ ਕਿਉਂ ਹੋ ਜਾਂਦਾ ਹੈ?

ਕੁੱਤੇ ਦੀ ਚਮੜੀ ਵਿੱਚ ਜਖਮ ਹੋਣ ਤੇ ਰੈਬੀਜ ਨਾਂ ਦੀ ਬਿਮਾਰੀ ਦੇ ਵਿਸ਼ਣੂ ਕੁੱਤੇ ਤੇ ਸਰੀਰ ਵਿੱਚ ਦਾਖਲ ਹੋ ਜਾਂਦੇ ਹਨ। ਇਹ ਵਿਸ਼ਾਣੂ ਕੁੱਤੇ ਸਰੀਰ ਵਿੱਚ ਪ੍ਰਤੀ ਦਿਨ ਇੱਕ ਸੈਂਟੀਮੀਟਰ ਦੀ ਗਤੀ ਕਰਦੇ ਹੋਏ ਕੁੱਤੇ ਦੇ ਦਿਮਾਗ ਤੇ ਹਮਲਾ ਕਰ ਦਿੰਦੇ ਹਨ। ਇਸ ਦੌਰਾਨ ਕੁੱਤਾ ਸੁਸਤ ਰਹਿੰਦਾ ਹੈ ਉਸਨੂੰ ਭੁੱਖ ਨਹੀਂ ਲਗਦੀ। ਜਦੋਂ ਉਸਦੇ ਦਿਮਾਗ ਤੇ ਬਿਮਾਰੀ ਦਾ ਹਮਲਾ ਹੁੰਦਾ ਹੈ ਤਾਂ ਉਸਦਾ ਦਿਮਾਗੀ ਪ੍ਰਬੰਧ ਵਿਗੜ ਜਾਂਦਾ ਹੈ। ਤੇ ਉਹ ਕੱਟਣਾ ਸ਼ੁਰੂ ਕਰ ਦਿੰਦਾ ਹੈ। ਕੁਝ ਦਿਨਾਂ ਪਿੱਛੋਂ ਕੁੱਤੇ ਦੀ ਮੌਤ ਹੋ ਜਾਂਦੀ ਹੈ। ਜਦੋਂ ਕੁੱਤਾ ਮਨੁੱਖ ਨੂੰ ਕਟਦਾ ਹੈ ਤਾਂ ਇਹ ਵਿਸਾਣੂ ਮਨੁੱਖ ਦੇ ਸਰੀਰ ਵਿੱਚ ਵੀ ਦਾਖਲ ਹੋ ਜਾਂਦੇ ਹਨ। ਤੇ ਦਿਮਾਗ ਵੱਲ ਨੂੰ ਗਤੀ ਸ਼ੁਰੂ ਕਰ ਦਿੰਦੇ ਹਨ ਕਿਉਂਕਿ ਇਹਨਾਂ ਦਾ ਮੁੱਖ ਹਮਲਾ ਤਾਂ ਦਿਮਾਗ ਤੇ ਹੀ ਹੁੰਦਾ ਹੈ। ਇਸ ਲਈ ਇਹਨਾਂ ਵਿਸ਼ਾਣੂਆਂ ਦਾ ਸਿਰ ਤੱਕ ਪਹੁੰਚਾਣ ਨੂੰ ਇੱਕ ਮਹੀਨੇ ਤੋਂ ਲੈ ਕੇ ਤਿੰਨ ਮਹੀਨੇ ਤੱਕ ਦਾ ਸਮਾਂ ਲੱਗ ਸਕਦਾ ਹੈ। ਇਸ ਸਮੇਂ ਮਨੁੱਖ ਪਾਣੀ ਤੋਂ ਡਰਨ ਲੱਗ ਜਾਦਾ ਹੈ। ਦਿਮਾਗ ਪ੍ਰਬੰਧ ਵਿੱਚ ਵਿਗਾੜ ਆ ਜਾਣ ਕਾਰਨ ਮੌਤ ਹੋ ਜਾਣੀ ਲਾਜ਼ਮੀ ਹੁੰਦੀ ਹੈ ਪਰ 80% ਵਿਅਕਤੀਆਂ ਦੇ ਸਰੀਰਾਂ ਦੇ ਪ੍ਰਤੀ ਰੱਖਿਆ ਸ਼ਕਤੀ ਦੇ ਪਾਗਲ ਕੁੱਤੇ ਦੇ ਕੱਟਣ ਦਾ ਵੀ ਕੋਈ ਅਸਰ ਨਹੀਂ ਹੁੰਦਾ। ਸੋ ਇਸ ਤਰ੍ਹਾਂ ਬਹੁਤ ਸਾਰੇ ਵਿਅਕਤੀ ਅਜਿਹੇ ਹੁੰਦੇ ਹਨ ਜੋ ਪਾਗਲ ਕੁੱਤੇ ਦੇ ਕੱਟਣ ਤੋਂ ਪਿੱਛੋਂ ਵੀ ਬਚ ਜਾਂਦੇ ਹਨ। ਬੇਸ਼ਕ ਉਹਨਾਂ ਨੇ ਟੀਕੇ ਨਹੀਂ ਲਗਵਾਏ ਹੁੰਦੇ। ਪਾਗਲ ਕੁੱਤੇ ਦੇ ਕੱਟਣ ਤੋਂ ਬਾਅਦ ਟੀਕੇ ਲਗਵਾ ਲੈਣਾ ਹੀ ਸਿਆਣਪ ਹੈ।

## ਕੀ ਜਾਨਵਰ ਬਿਜਲੀ ਦਾ ਝਟਕਾ ਵੀ ਮਾਰ ਸਕਦੇ ਹਨ?

ਜੀ ਹਾਂ ਬਹੁਤ ਸਾਰੇ ਪਸ਼ੂ, ਜੀਵ, ਜੰਤੂ ਅਜਿਹੇ ਹਨ ਜਿਹੜੇ ਕਰੰਟ ਵੀ ਮਾਰ ਸਕਦੇ ਹਨ। ਸਮੁੰ-ਦਰਾਂ ਵਿੱਚ ਮੱਛੀ ਦੀਆਂ ਅਜਿਹੀਆਂ ਕਿਸਮਾਂ ਵੀ ਉ-ਪਲਬਧ ਹਨ ਜਿਹੜੀਆਂ ਆਪਣਾ ਸ਼ਿਕਾਰ ਬਿਜਲੀ ਦੇ ਕਰੰਟ ਨਾਲ ਕਰਦੀਆ ਹਨ। ਅਜਿਹੀ ਮੱਛੀ ਦੀ ਕਿਸਮ ਵੀ ਹੈ ਜੋ 400 ਵੋਲਟ ਦਾ ਕਰੰਟ ਮਾਰ ਕੇ ਮਨੁੱਖ ਨੂੰ ਵੀ ਨਕਾਰਾ ਬਣਾ ਸਕਦੀ ਹੈ। ਮਨੁੱਖੀ ਸਰੀਰ ਵਿੱਚ ਵੀ ਬਿਜਲੀ ਹੁੰਦੀ ਹੈ। ਜੋ ਦਿਮਾਗ ਦੇ ਸੁਨੇਹੇ ਬਾਕੀ ਅੰਗਾਂ ਤੱਕ ਪਹੁੰਚਾਉਣ ਤੇ ਅੰਗਾਂ ਦੇ ਸੁਨੇਹੇ ਦਿਮਾਗ ਨੂੰ ਭੇਜਣ ਦਾ ਕੰਮ ਕਰਦੀ ਹੈ। ਕੈਟ ਫਿਸ਼ ਇੱਕ ਹੋਰ ਮੱਛੀ ਹੁੰਦੀ ਹੈ ਜਿਸ ਵਿੱਚ ਬਿਜਲੀ ਦਾ ਝਟਕਾ ਮਾਰਨ ਦੀ ਸਮੱਰਥਾ ਹੁੰਦੀ ਹੈ। ਇਹਨਾਂ ਜਾਨਵਰਾਂ ਦੇ ਸਰੀਰ ਵਿੱਚ ਛੋਟੇ ਛੋਟੇ ਸੈੱਲ ਹੁੰਦੇ ਹਨ ਜਿਹਨਾਂ ਵਿੱਚ ਬੈਟਰੀ ਦੇ ਸੈੱਲਾਂ ਦੀ ਤਰ੍ਹਾਂ ਰਸਾਇਣਕ ਕ੍ਰਿਆ ਨਾਲ ਬਿਜਲੀ ਪੈਦਾ ਹੁੰਦੀ ਹੈ। ਕੁਝ ਝਟਕੇ ਮਾਰਨ ਤੋਂ ਬਾਅਦ ਇਹ ਕਰੰਟ ਖਤਮ ਹੋ ਜਾਂਦਾ ਹੈ। ਖਾਣਾ ਖਾਣ ਤੇ ਆਰਾਮ ਕਰਨ ਤੋਂ ਬਾਅਦ ਇਹ ਸੈੱਲ ਦੁਬਾਰਾ ਚਾਰਜ ਹੋ ਜਾਂਦੇ ਹਨ।

## ਪੱਥਰ ਚੱਟ ਦੇ ਪੱਤੇ ਤੋਂ ਹੀ ਪੌਦੇ ਕਿਵੇਂ ਪੈਦਾ ਹੋ ਜਾਂਦੇ ਹਨ?

ਪੌਦਿਆਂ ਵਿੱਚ ਆਪਣੇ ਵਰਗੇ ਹੋਰ ਪੌਦੇ ਪੈਦਾ ਕਰਨ ਦੀਆਂ ਵਿਧੀਆਂ ਵੱਖ ਵੱਖ ਹਨ। ਵਾੜਾਂ ਲਈ ਵਰਤੇ ਜਾਣ ਵਾਲੇ ਅੱਕ ਦੇ ਡੰਡੇ ਨੂੰ ਬੀਜਣ ਨਾਲ ਅੱਕ ਦਾ ਬੂਟਾ ਉੱਗ ਪੈਂਦਾ ਹੈ। ਘਾਹ ਦੇ ਤਿਣਕੇ ਨੂੰ ਬੀਜਣ ਨਾਲ ਘਾਹ ਪੈਦਾ ਹੋ ਜਾਂਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿ ਅੱਕ ਦੇ ਬੂਟੇ ਨੂੰ ਪੈਦਾ ਹੋਣ ਲਈ ਲੋੜੀਂਦੇ ਜਣਨ ਸੈੱਲ ਅੱਕ ਦੇ ਡੰਡੇ ਵਿੱਚ ਅਤੇ ਘਾਹ ਦੇ ਤਿਣਕੇ ਵਿੱਚ ਹੁੰਦੇ ਹਨ। ਇਸ ਤਰ੍ਹਾਂ ਪੱਥਰ ਚੱਟ ਦੇ ਬੂਟੇ ਦੇ ਪੈਦਾ ਹੋਣ ਲਈ ਲੋੜੀਂਦੇ ਜਣਨ ਸੈੱਲ ਇਸਦੇ ਪੱਤੇ ਵਿੱਚ ਹੀ ਮੌਜੂਦ ਹੁੰਦੇ ਹਨ। ਇਸ ਲਈ ਜਦੋਂ ਵੀ ਪੱਤੇ ਨੂੰ ਉੱਗਣ ਲਈ ਲੋੜੀਂਦੀਆਂ ਵਸਤਾਂ ਗਰਮੀ, ਪਾਣੀ ਤੇ ਮਿੱਟੀ ਮਿਲ ਜਾਂਦੀਆਂ ਹਨ ਤਾਂ ਉਹ ਪੱਤੇ ਹੀ ਉੱਗ ਪੈਂਦੇ ਹਨ ਤੇ ਪੌਦਾ ਬਣ ਜਾਂਦੇ ਹਨ।

## ਦੁਨੀਆਂ ਵਿੱਚ ਸਭ ਤੋਂ ਵੱਡਾ ਦਰਖਤ ਕਿੱਥੇ ਹੈ?

ਅਮਰੀਕਾ ਦੇ ਇੱਕ (ਰਾਜ) ਪ੍ਰਾਂਤ ਕੈਲੀ-ਫੋਰਨੀਆਂ ਦੇ ਸਿਕੋਈਆ ਨੈਸ਼ਨਲ ਪਾਰਕ ਵਿੱਚ ਦੁਨੀਆਂ ਦਾ ਸਭ ਤੋਂ ਪੁਰਾਣਾ ਅਤੇ ਵੱਡਾ ਦਰੱਖਤ ਹੈ। ਇਸ ਦਰੱਖਤ ਦਾ ਨਾਂ ਜਨਰਲ ਸੈਰਮਨ ਹੈ। ਇਹ ਲਗਭਗ 3500 ਸਾਲ ਪੁਰਾਣਾ ਹੈ। ਇਸਦੀ ਉਚਾਈ 85 ਮੀਟਰ ਅਤੇ ਘੇਰਾ 25 ਮੀਟਰ ਹੈ। ਇਸੇ ਦੇਸ਼ ਵਿੱਚ ਇੱਕ ਅਜਿਹਾ ਦਰੱਖਤ ਵੀ ਹੈ ਜਿਸਦੇ ਤਾਣੇ ਨੂੰ ਵਿਚਾਲਿਉਂ ਕੱਟ ਕੇ ਦੋ ਸੜਕਾਂ ਕੱਢੀਆਂ ਗਈਆਂ ਹਨ।

## ਲਾਜਵੰਤੀ ਦੇ ਪੱਤੇ ਹੱਥ ਲਗਾਉਣ ਤੇ ਕਿਉਂ ਮੁਰਝਾ ਜਾਂਦੇ ਹਨ?

ਘਰ ਦੇ ਗਮਲਿਆਂ ਵਿੱਚ ਅਕਸਰ ਇੱਕ ਪੌਦਾ ਲਾਇਆਂ ਜਾਂਦਾ ਹੈ ਇਸਨੂੰ ਅੰਗਰ੍ਹੇਜ਼ੀ ਵਿੱਚ Touchmento ਤੇ ਪੰਜਾਬੀ ਵਿੱਚ ਲਾਜਵੰਤੀ ਕਿਹਾ ਜਾਂਦਾ ਹੈ। ਇਸ ਨੂੰ ਜਦੋਂ ਵੀ ਹੱਥ ਲਾਇਆਂ ਜਾਂਦਾ ਹੈ ਤਾਂ ਇਸਦੇ ਪੱਤੇ ਮੁਰਝਾ ਜਾਂਦੇ ਹਨ। ਵਿਦਿਆਰਥੀਓ ਤੁਸੀਂ ਜਾਣਦੇ ਹੀ ਹੋ ਕਿ ਸੰਸਾਰ ਦੀ ਹਰ ਘਟਨਾ ਪਿੱਛੇ ਕੋਈ ਨਾ ਕੋਈ ਵਿਗਿਆਨਕ ਕਾਰਣ ਜ਼ਰੂਰ ਹੁੰਦਾ ਹੈ। ਇਸ ਲਈ ਇਸ ਪਿੱਛੇ ਵੀ ਕੋਈ ਨਾ ਕੋਈ ਕਾਰਣ ਜ਼ਰੂਰ ਹੋਣਾ ਚਾਹੀਦਾ ਹੈ ਕਿ ਲਾਜਵੰਤੀ ਦੇ ਪੱਤੇ ਹੱਥ ਲਗਾਉਣ ਤੇ ਕਿਉਂ ਮੁਰਝਾ ਜਾਂਦੇ ਹਨ। ਜਦੋਂ ਅਸੀਂ ਇਸਨੂੰ ਹੱਥ ਲਾਉਂਦੇ ਹਾਂ ਤਾਂ ਸਾਡੀਆਂ ਉਂਗਲੀਆਂ ਦੇ ਹਲਕੇ ਦਬਾਉ ਸਦਕਾ ਹੀ ਇਸ ਬੂਟੇ ਦੀਆਂ ਪਤਲੀਆਂ ਟਹਿਣੀਆਂ ਦਾ ਪਾਣੀ ਤਣੇ ਵਿੱਚ ਚਲਿਆ ਜਾਂਦਾ ਹੈ। ਇਸ ਦੇ ਸਿੱਟੇ ਵਜੋਂ ਸੈੱਲ ਸੁੰਗੜ ਜਾਂਦੇ ਹਨ ਤੇ ਬੂਟਾ ਆਪਣੇ ਪੱਤੇ ਸੁੱਟ ਦਿੰਦਾ ਹੈ। ਜਦੋਂ ਹੱਥ ਚੁੱਕ ਲਿਆ ਜਾਂਦਾ ਹੈ, ਸੈੱਲ ਫੈਲ ਜਾਂਦੇ ਹਨ ਤੇ ਪੱਤੇ ਖੜ੍ਹੇ ਹੋ ਜਾਂਦੇ ਹਨ।

## ਬੋਹੜ ਦੇ ਦਰੱਖਤ ਦਾੜੀ ਵਾਲੇ ਕਿਉਂ ਹੁੰਦੇ ਹਨ?

ਸੰਸਾਰ ਵਿੱਚ ਪੌਦਿਆਂ ਦੀਆਂ ਬਹੁਤ ਸਾਰੀਆਂ ਜਾਤੀਆਂ ਹਨ ਜਿਹਨਾਂ ਦੇ ਸਹਾਰਾ ਦੇਣ ਵਾਲੀਆਂ ਜੜ੍ਹਾਂ ਵੀ ਹੁੰਦੀਆਂ ਹਨ। ਮੱਕੀ ਦੇ ਪੌਦੇ, ਗੰਨਾ ਅਤੇ ਬੋਹੜ ਦਾ ਦਰਖੱਤ ਇਹਨਾਂ ਹੀ ਕਿਸਮਾਂ ਵਿੱਚੋਂ ਇੱਕ ਹਨ। ਬੋਹੜ ਦੀਆਂ ਜੜ੍ਹਾਂ ਦਾ ਇਸਦੀ ਉਮਰ ਨਾਲ ਕੋਈ ਸਬੰਧ ਨਹੀ ਹੁੰਦਾ ਹੈ। ਇਹ ਤਾਂ ਬੋਹੜ ਦੇ ਦਰੱਖਤ ਨੂੰ ਸਹਾਰਾ ਦੇਣ ਲਈ ਕੁਦਰਤ ਵੱਲੋਂ ਇਸਨੂੰ ਬਖਸ਼ਿਆ ਗਿਆ ਤੋਹਫਾ ਹੈ। ਕਲਕੱਤੇ ਵਿੱਚ ਇੱਕ ਬੋਹੜ ਦਾ ਦਰੱਖਤ ਆਪਣੀਆਂ ਸਹਾਰਾ ਦੇਣ ਵਾਲੀਆਂ ਜੜ੍ਹਾਂ ਦੇ ਸਹਾਰੇ ਹੀ ਕਈ ਏਕੜ ਵਿੱਚ ਫੈਲਿਆ ਹੋਇਆ ਹੈ।

## ਪਿੱਪਲ ਕੰਧਾਂ ਕੋਠਿਆਂ ਤੇ ਕਿਵੇਂ ਪੈਦਾ ਹੋ ਜਾਂਦਾ ਹੈ?

ਤੁਸੀਂ ਬੋਹੜ ਜਾਂ ਪਿੱਪਲ ਦੇ ਦਰਖੱਤ ਨੂੰ ਆਮ ਤੌਰ ਤੇ ਕੰਧਾ ਤੇ, ਕੋਠਿਆਂ ਤੇ ਪੈਦਾ ਹੋਇਆਂ ਜ਼ਰੂਰ ਵੇਖਿਆ ਹੋਵੇਗਾ। ਕਈ ਲੋਕ ਤਾਂ ਪਿੱਪਲ ਦੇ ਦਰੱਖਤ ਨੂੰ ਪਵਿੱਤਰ ਮੰਨ ਕੇ ਇਸ ਥਾਂ ਨੂੰ ਅਜਿਹੀ ਥਾਂ ਤੋਂ ਪੁੱਟਣ ਲਈ ਖਾਸ ਪੂਜਾ ਵੀ ਕਰਵਾਉਂਦੇ ਵੇਖੇ ਗਏ ਹਨ। ਅਸਲ ਵਿੱਚ ਇਸਦਾ ਕਾਰਨ ਇਹ ਹੈ ਕਿ ਬਹੁਤ ਸਾਰੇ ਜਾਨਵਰ ਪਿੱਪਲ ਤੇ ਬਰੋਟਿਆਂ ਦੇ ਬੀਜਾਂ ਨੂੰ ਖਾਕੇ ਬਨੇਰਿਆਂ ਤੇ ਜਾ ਬੈਠਦੇ ਹਨ। ਬਹੁਤ ਸਾਰੇ ਬੀਜ ਦਬੜਾਂ ਹਜਮ ਹੋਏ ਹੀ ਉਹ ਆਪਣੀਆਂ ਬਿੱਠਾਂ ਰਾਹੀਂ ਬਨੇਰਿਆਂ ਤੇ ਛੱਡ ਦਿੰਦੇ ਹਨ। ਇਹ ਬੀਜ ਸਮਾਂ ਦੇ ਪ੍ਰਸਥਿਤੀਆਂ ਮਿਲਣ ਤੇ ਬੂਟੇ ਬਣ ਜਾਂਦੇ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਮਹਿਲਾ ਦਿਵਸ ’ਤੇ

# ‘ਪੰਚਾਂ ਦਾ ਕਹਿਣਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ



ਪ੍ਰੋ: ਐਚ ਐਲ ਕਪੂਰ
916- 587-4002

**‘ਮਾਂ ਦਿਵਸ’** ਸੰਸਾਰ ਵਿਚ ਪਹਿਲੀ ਵਾਰ 1908 ਨੂੰ ਉੱਤਰੀ ਅਮਰੀਕਾ ਦੇ ਸ਼ਹਿਰ ਗਰਾਫਟਨ ਜੋ ਪੱਛਮੀ ਵਰਜੀਨੀਆ ਵਿਚ ਸਥਿਤ ਹੈ, ਵਿਖੇ ਮਨਾਇਆ ਗਿਆ। ਇਹ ਦਿਨ ਅੰਨਾ ਜਾਰਵਿਸ ਨਾਂ ਦੀ ਲੜਕੀ ਨੇ ਆਪਣੀ ਮਾਂ ਅੰਨਾ ਰੀਵਜ਼ ਜਾਰਵਿਸ ਦੀ 1908 ਵਿਚ ਹੋਈ ਮੌਤ ਉਪਰੰਤ ਮਨਾਇਆ। ਉਸਦੀ ਮਾਂ ਇਕ ਸਮਾਜ ਸੇਵਿਕਾ ਸੀ। ਅੱਗੋਂ ਤੋਂ ’ਮਾਂ ਦਿਵਸ’ ਹਰ ਸਾਲ ਮਈ ਮਹੀਨੇ ਦੇ ਦੂਸਰੇ ਐਤਵਾਰ ਨੂੰ ਮਨਾਉਣ ਦਾ ਫੈਸਲਾ ਵੀ ਕੀਤਾ ਗਿਆ। ਇਹ ਮਾਂ ਦਿਵਸ ਹਰ ਸਾਲ ਕੌਮਾਂਤਰੀ ਪੱਧਰ ਤੇ ਉਦੋਂ ਤੋਂ ਲੈ ਕੇ ਅੱਜ ਤੱਕ ਲਗਾਤਾਰ ਮਨਾਇਆ ਜਾਂਦਾ ਹੈ। ਭਾਰਤ ਵਿਚ ਪਹਿਲੀ ਵਾਰ ‘ਮਾਂ ਦਿਵਸ’ ਭਾਵ ‘ਮਹਿਲਾ ਦਿਵਸ’ 8 ਮਾਰਚ 1943 ਨੂੰ ਮਨਾਇਆ ਗਿਆ। ਇਸ ਦਿਨ ’ਤੇ ’ਮਾਂ’ ਜਾਂ ’ਮਹਿਲਾ’ ਦੀ ਮਹਾਨਤਾ ਨੂੰ ਸਮਝਿਆ ਜਾਂਦਾ ਹੈ ਤੇ ਬੱਚੇ ਉਸ ਨੂੰ ਤੋਹਫਿਆਂ ਦੇ ਰੂਪ ਵਿਚ ਤਰ੍ਹਾਂ-ਤਰ੍ਹਾਂ ਦੇ ਉਪਹਾਰ ਦਿੰਦੇ ਹਨ ਤੇ ਆਪਣੀ ਮਾਂ ਨੂੰ ਯਾਦ ਕਰਦੇ ਹਨ। ਇਸ ਦਿਨ ਨੂੰ ਲੱਗਭੱਗ 100 ਸਾਲ ਤੋਂ ਉਪਰ ਮਨਾਉਂਦਿਆਂ ਨੂੰ ਹੋ ਚੁੱਕੇ ਹਨ, ਇਸ ਦੇ ਬਾਵਜੂਦ ਅੱਜ ਵੀ ਔਰਤ ਪ੍ਰਤੀ ਮਰਦ ਦੀ ਸੋਚ ’ਚ ਫਰਕ ਨਹੀਂ ਆ ਸਕਿਆ। ਇਸ ਸਬੰਧੀ ਮੈਂ ਆਪਣੇ ਇਸ ਲੇਖ ਵਿਚ ਵਿਸਥਾਰ ਪੂਰਵਕ ਚਰਚਾ ਕਰ ਰਿਹਾ ਹਾਂ। ਆਦਿ ਕਾਲ ਤੋਂ ਹੀ ਔਰਤ ਆਪਣੇ ਸਵੈਮਾਣ ਲਈ ਤੇ ਆਪਣੀ ਹੋਂਦ ਭਾਵ ਹਸਤੀ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰ ਰਹੀ ਹੈ। ਆਦਮੀ ਨੇ ਮੁੱਢ-ਕਦੀਮ ਤੋਂ ਹੀ ਔਰਤ ਨੂੰ ਆਪਣੇ ਨਿਸ਼ਾਨੇ ਤੇ ਰੱਖਿਆ ਹੈ ਤੇ ਉਸ ਨੂੰ ਹਮੇਸ਼ਾ ਹੀ ਦਬਾਅ ਕੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਉਹ ਭਾਵੇਂ ਆਰਥਿਕ ਤੌਰ ਤੇ ਤਕੜੀ ਹੋਵੇ ਜਾਂ ਕਮਜ਼ੋਰ, ਸੁਤੰਤਰ ਹੋਵੇ ਜਾਂ ਗੁਲਾਮ, ਪੜ੍ਹੀ-ਲਿਖੀ ਹੋਵੇ ਜਾਂ ਅਨਪੜ੍ਹ, ਇਕ ਹੇਠਲੇ ਪੱਧਰ ਦੀ ਮਜ਼ਦੂਰ ਹੋਵੇ ਜਾਂ ਦੇਸ਼ ਦੇ ਉੱਚੇ ਤੋਂ ਉੱਚੇ ਅਹੁਦੇ ਤੇ ਬਿਰਾਜਮਾਨ, ਉਹ ਆਸਤਕ ਹੋਵੇ ਜਾਂ ਨਾਸਤਕ, ਧਨਵਾਨ ਹੋਵੇ ਜਾਂ ਨਿਰਧਨ ਆਮ ਤੌਰ ਤੇ ਉਹ ਮਰਦ ਪ੍ਰਧਾਨ ਸਮਾਜ ਵਿਚ ਆਪਣਾ ਜੀਵਨ ਬਤੀਤ ਕਰਦਿਆਂ ਆਪਣੇ ਵਿਅਕਤਿਤਵ ਦੀ ਸਹੀ ਕੀਮਤ ਨਹੀਂ ਪੁਆ ਸਕਦੀ। ਇਹ ਸਾਡੇ ਮਰਦ ਪ੍ਰਧਾਨ ਸਮਾਜ ਦੀ ਬੜੀ ਵੱਡੀ ਤ੍ਰਾਸਦੀ ਹੈ। ਵੈਸੇ ਵੀ ਇਹੀ ਨਜ਼ਰੀਆ ਸਾਨੂੰ ਦੁਨੀਆਂ ਦੇ ਹਰ ਦੇਸ਼ ਅੰਦਰ ਕਿਸੇ ਨਾ ਕਿਸੇ ਰੂਪ ਵਿਚ ਨਜ਼ਰ ਆ ਹੀ ਜਾਂਦਾ ਹੈ। ਅਸੀਂ ਆਪਣੇ ਜਾਂ ਦੁਨੀਆਂ ਦੇ ਇਤਿਹਾਸ ਵੱਲ ਜਦੋਂ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਆਪਣੇ ਜੀਵਨ ਦੇ ਹਰ ਪਹਿਲੂ ਵਿਚੋਂ, ਅਧਿਐਨ ਕਰਨ ਨਾਲ ਇਹ ਗੱਲ ਸਪਸ਼ਟ ਨਜ਼ਰ ਆਉਂਦੀ ਹੈ ਕਿ ਔਰਤ ਹਮੇਸ਼ਾ ਵਾਦ-ਵਿਵਾਦ ਦੇ ਘੇਰੇ ਵਿਚ ਰਹੀ ਹੈ। ਅਣਵਿਗਿਆਨਕ ਸੋਚ ਤੇ ਤਰਕਹੀਣ ਆਦਮੀ ਆਪਣੇ ਜੀਵਨ ਦੀ ਹਰ ਅਸਫਲਤਾ ਭਾਵੇਂ ਉਹ ਕਿਸੇ ਵੀ ਖੇਤਰ ਦੀ ਹੋਵੇ, ਉਸ ਨੂੰ ਔਰਤ ਹੀ ਆਪਣੀ ਅਸਫਲਤਾ ਦਾ ਕਾਰਨ ਨਜ਼ਰ ਆਉਂਦੀ ਹੈ। ਉਹ ਔਰਤ ਨੂੰ ਭੈੜੇ ਤੋਂ ਭੈੜੇ ਵਿਸ਼ੇਸ਼ਣਾਂ ਤੇ ਅਲੰਕਾਰਾਂ ਨਾਲ ਨਿਵਾਜਦਾ ਰਿਹਾ ਹੈ, ਜਿਵੇਂ- ਇਹ ਪੈਰ ਦੀ ਜੁੱਤੀ ਹੈ, ਇਸ ਦੀ ਗੁੱਤ ਪਿੱਛੇ ਮੱਤ ਹੈ, ਇਹ ਨਰਕ ਦਾ ਦਰਵਾਜ਼ਾ ਹੈ, ਮਰਦ ਦੀ ਤਰੱਕੀ ਵਿਚ ਅੜਿੱਕਾ ਹੈ, ਬੇਵਫ਼ਾ ਹੈ, ਪਰਾਇਆ ਧਨ ਹੈ, ਅਬਲਾ ਹੈ, ਮਨੁੱਖ ਤੇ ਇਕ ਬੋਝ ਹੈ, ਇਕ ਬਘਿਆੜਨ, ਸਪਣੀ ਤੇ ਡੈਣ ਹੈ ਆਦਿਕ। ਔਰਤ ਪ੍ਰਤੀ ਇਹ ਧਾਰਨਾ ਸਿਰਫ ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆਂ ਦੇ ਵਿਕਸਤ ਦੇਸ਼ਾਂ ਵਿਚ ਵੀ ਇਹ ਦੇਖਣ ਨੂੰ ਮਿਲਦੀ ਹੈ। ਅੰਗਰੇਜ਼ੀ ਸਾਹਿਤ ਦਾ ਸੰਸਾਰ ਪ੍ਰਸਿੱਧ ਨਾਟਕਕਾਰ ਵਿਲੀਅਮ ਸ਼ੇਕਸਪੀਅਰ ਔਰਤ ਨੂੰ ’ਕਮਜ਼ੋਰੀ ਦਾ ਦੂਸਰਾ ਨਾਮ ਦਿੰਦਾ ਹੈ।’ ਬਨਰਜ ਔਰਤ ਪ੍ਰਤੀ ਕਹਿੰਦਾ ਹੈ ਕਿ, ‘ਸ਼ੈਤਾਨ ਹੀ ਉਸ ਤੇ ਰਾਜ ਕਰਦਾ ਹੈ।’ ਨਿਤਜਸਚ ਔਰਤ ਨੂੰ ’ਰੱਬ ਦੀ ਦੂਸਰੀ ਗਲਤੀ ਮੰਨਦਾ ਹੈ।’ ਆਮ ਅਤੇ ਸਮੂਹਿਕ ਵਿਚਾਰਧਾਰਾ ਔਰਤ ਪ੍ਰਤੀ ਇਹੀ ਧਾਰਨੀ ਰੱਖਦੀ ਰਹੀ ਹੈ।

ਹਰ ਸਾਲ ਜਦੋਂ ਔਰਤ ਦਾ ਕੌਮੀ ਜਾਂ ਕੌਮਾਂਤਰੀ ਦਿਵਸ ਮਨਾਇਆ ਜਾਂਦਾ ਹੈ ਤਾਂ ਸਾਡੇ ਦੇਸ਼ ਵਿਚ ਹੀ ਨਹੀਂ, ਦੁਨੀਆਂ ਭਰ ਦੇ ਸਾਰੇ ਦੇਸ਼ਾਂ ਵਿਚ ਔਰਤ ਪ੍ਰਤੀ ਬੜੇ ਉੱਚੇ-ਉੱਚੇ ਦਮਗਜੇ ਮਾਰੇ ਜਾਂਦੇ ਹਨ, ਵੱਡੇ-ਵੱਡੇ ਭਾਸ਼ਣ ਦਿੱਤੇ ਜਾਂਦੇ ਹਨ, ਦੂਰਦਰਸ਼ਨ ਤੇ ਰੇਡੀਓ ਤੇ ਸਮਾਂ ਲੈ ਕੇ ਔਰਤ ਦੇ ਦਿਨ-ਦਿਹਾਰ ਨੂੰ ਮਨਾਉਣ ਦੇ ਬਹਾਨੇ ਨਾਲ, ਸਾਡੇ ਰਾਜਨੀਤਿਕ ਲੋਕ ਤੇ ਸਮਾਜ ਦੇ ਹੋਰ ਕਈ ਵਰਗਾਂ ਦੇ ਲੋਕ ਔਰਤ ਦੇ ਸਵੈਮਾਣ ਤੇ ਉਸ ਦੀ ਹੋਂਦ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਕੇ ਔਰਤ ਵਰਗ ਦੀ ਹਮਦਰਦੀ ਹਾਸਲ ਕਰਨ ਦੇ ਯਤਨ ਕਰਦੇ ਹਨ। ਇਸ ਤਰ੍ਹਾਂ ਇਹ ਔਰਤ ਪ੍ਰਤੀ ਮਨਾਇਆ ਜਾਂਦਾ ਕੌਮੀ ਤੇ ਕੌਮਾਂਤਰੀ ਦਿਵਸ ਵੀ ਆਮ ਦਿਨਾਂ ਵਾਂਗ ਲੰਘ ਜਾਂਦਾ ਹੈ। ਔਰਤ ਨੂੰ ਆ ਰਹੀਆਂ ਮੁਸ਼ਕਿਲਾਂ ਉਸੇ ਤਰ੍ਹਾਂ ਹੀ ਬਰਕਰਾਰ ਰਹਿੰਦੀਆਂ ਹਨ। ਉਹਨਾਂ ਦਾ ਨਿਪਟਾਰਾ ਨਹੀਂ ਹੁੰਦਾ, ਸਗੋਂ ਹਾਲਾਤ ਹੋਰ ਵੀ ਗੁੰਝਲਦਾਰ ਤੇ ਨਿਰਾਸ਼ਾਜਨਕ ਹੋਈ ਜਾ ਰਹੇ ਹਨ। ਗੱਲ ਕੀ ‘ਪੰਚਾਂ ਦਾ ਕਹਿਣਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ’ ਵਾਲੀ ਗੱਲ ਹੀ ਰਹਿੰਦੀ ਹੈ।

ਔਰਤ ਜਨਮ ਤੋਂ ਹੀ ਵਿਤਕਰੇ ਦਾ ਸ਼ਿਕਾਰ ਹੋ ਜਾਂਦੀ ਹੈ ਘਰ ਅਤੇ ਸਮਾਜ ਵਿਚ ਉਸ ਦਾ ਸਥਾਨ ਮਰਦ ਨਾਲੋਂ ਕਿਤੇ ਨੀਵਾਂ ਮੰਨਿਆ ਜਾਂਦਾ ਹੈ। ਉਸ ਦਾ ਪਾਲਣ-ਪੋਸ਼ਣ ਇਸ ਤਰੀਕੇ ਨਾਲ ਕੀਤਾ ਜਾਂਦਾ ਹੈ ਕਿ ਉਸ ਦੇ ਮਨ ਅੰਦਰ ਸੁਤੰਤਰ ਰਾਹ ਤੇ ਤੁਰਨ ਦੀ ਲਾਲਸਾ ਨਾ ਜਾਗੇ। ਪੰਜਾਬੀ ਦੀ ਮਹਾਨ ਲੇਖਿਕਾ ਅਜੀਤ ਕੌਰ ਨੇ ਔਰਤ ਦੀ ਇਸ ਵੇਦਨਾ ਨੂੰ ਤੇ ਔਰਤ ਦੇ ਦੁਖਾਂਤਾਂ ਨੂੰ ਆਪਣੀਆਂ ਰਚਨਾਵਾਂ ਵਿਚ ਵਿਸ਼ੇਸ਼ ਸਥਾਨ ਦਿੱਤਾ ਹੈ ਅਤੇ ਆਦਮੀ ਨੂੰ ਆਪਣੀ ਮਾਨਸਿਕਤਾ ਨੂੰ ਬਦਲਣ ਲਈ ਨਸੀਹਤ ਦਿੱਤੀ ਹੈ ਤੇ ਨਾਲ ਹੀ ਔਰਤ ਨੂੰ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਪ੍ਰਗਤੀਸ਼ੀਲ ਬਣੇ ਰਹਿਣ ਤੇ ਸੁਤੰਤਰ ਸੋਚ ਰੱਖਣ ਦੀ ਨਸੀਹਤ ਵੀ ਦਿੱਤੀ ਹੈ ਤਾਂ ਜੋ ਮਰਦ ਦੇ ਗਰੂਰ ਨੂੰ ਕਿ ‘ਮੈਂ ਮਰਦ ਹਾਂ ਤੇ ਸਭ ਕੁਝ ਕਰ ਸਕਦਾ ਹਾਂ’ ਨੂੰ ਤੋੜਿਆ ਜਾ ਸਕੇ।

ਮਰਦ ਦੀ ਨਕਾਰਾਤਮਕ ਸੋਚ ਦੀਆਂ ਜੜ੍ਹਾਂ ਸਾਡੇ ਸਮਾਜ ਵਿਚ ਬਹੁਤ ਡੂੰਘੀਆਂ ਲੱਗੀਆਂ ਹੋਈਆਂ ਹਨ। ਔਰਤ ਅਤੇ ਮਰਦ ਲਈ ਦੋ ਵੱਖਰੀ ਕਿਸਮ ਦੇ ਇਖਲਾਕੀ ਕਾਨੂੰਨ ਹਨ, ਦੋ ਵੱਖਰੀ ਕਿਸਮ ਦੀਆਂ ਇਖਲਾਕੀ ਕਦਰਾਂ ਕੀਮਤਾਂ ਹਨ, ਜਿਹਨਾਂ ਤਹਿਤ ਔਰਤ ਦੀ ਹਰ ਗੱਲ ਦਾ ਫੈਸਲਾ ਮਰਦ ਨੇ ਕਰਨਾ ਹੁੰਦਾ ਹੈ। ਮਰਦ ਪ੍ਰਧਾਨ ਸਮਾਜ ਦੀ ਹਮੇਸ਼ਾ ਇਹੋ ਨੀਤੀ ਰਹੀ ਹੈ ਕਿ ਇਸਤਰੀ ਦੇ ਸੁਭਾਅ ਨੂੰ ਆਪਣੇ ਸੁਆਰਥ ਅਨੁਸਾਰ ਢਾਲਿਆ ਜਾਵੇ। ਅਸਲ ਵਿਚ ਭਾਰਤੀ ਸਮਾਜ ਅੰਦਰ ਔਰਤ ਲਈ ਥਾਂ-ਥਾਂ ਤੇ ਬੰਦਸ਼ਾਂ ਤੇ ਅੜਿੱਕੇ ਹਨ। ਜਦੋਂ ਉਹ ਰੋਂਦੀ ਹੈ ਤਾਂ ਕਹਿੰਦੇ ਹਨ ਕਿ ਇਹ ਚਲਿੱਤਰ ਕਰਦੀ ਹੈ। ਸਭ ਤੋਂ ਵੱਧ ਕੇ ਬਲਾਤਕਾਰ ਦੀ ਤਲਵਾਰ ਹਰ ਵੇਲੇ ਔਰਤ ਦੇ ਸਿਰ ਤੇ ਲਟਕਦੀ ਰਹਿੰਦੀ ਹੈ। ਔਰਤ ਦੇ ਹੋ ਰਹੇ ਸ਼ੋਸ਼ਣ ਸਬੰਧੀ ਪ੍ਰਸਿੱਧ ਲੇਖਿਕਾ ਸ੍ਰੀਮਤੀ ਦਲੀਪ ਕੌਰ ਟਿਵਾਣਾ ਦਾ ਕਹਿਣਾ ਹੈ ਕਿ ਕਾਰੋਬਾਰੀ ਥਾਵਾਂ ਉਤੇ ਔਰਤ ਦਾ ਸ਼ੋਸ਼ਣ ਹਰੇਕ ਪੱਧਰ ਤੇ ਹੋ ਰਿਹਾ ਹੈ। ਕੁਝ ਨੌਕਰੀ ਪ੍ਰਾਪਤ ਕਰਨ ਲਈ ਤੇ ਕੁਝ ਨੂੰ ਆਪਣੀ ਨੌਕਰੀ ਬਚਾਉਣ ਲਈ ਗਲਤ ਕੰਮ ਕਰਨੇ ਪੈਂਦੇ ਹਨ। ਦੂਜਾ ਔਰਤ ਭਾਵੇਂ ਕੰਮਕਾਜੀ ਹੋਵੇ ਜਾਂ ਘਰੇਲੂ ਤਸ਼ੱਦਦ ਤੇ ਸ਼ੋਸ਼ਣ ਹਰ ਜਗ੍ਹਾ ਹੈ। ਜੇ ਉਹ ਆਪਣੇ ਪਤੀ ਦੀ ਕਿਸੇ ਗੱਲ ਦਾ ਵਿਰੋਧ ਕਰਦੀ ਹੈ ਤਾਂ ਪਤੀ ਵਿੰਗ-ਵਲ ਕੱਢਣ ਲਈ ਡੰਡੋਰਕਾ ਚੁੱਕ ਕੇ ਇਕ ਲੋਕ ਗੀਤ ਦੀ ਜਵਾਨੀ ਲਲਕਾਰਦਾ ਹੈ, “ਕਰਦੂੰ ਗਜ਼ ਵਰਗੀ, ਜੇ ਮੁੜ ਕੇ ਜਵਾਨ ਖੋਲ੍ਹੀ।”



ਅਸਲੀਅਤ ਤਾਂ ਇਹ ਹੈ ਕਿ ਸਾਡੇ ਦੇਸ਼ ਦੀ ਹਰ ਔਰਤ ਦਾ ਮਸਤਕ ਖੋਟਾ ਹੈ, ਅਜਿਹੇ ਮੁਸ਼ਕਿਲਾਂ ਭਰੇ ਹਾਲਾਤ ਨਾਲ ਜੂਝ ਰਹੀ ਔਰਤ, ਅਕਸਰ ਆਪਣੇ ਦਰਦ ਨੂੰ ਇਕ ਟੱਸ-ਟੱਸ ਕਰਦੇ ਫੋੜੇ ਵਾਂਗ ਗੰਢ ਦੇ ਕੇ ਰੱਖਦੀ ਹੈ, ਜਿਵੇਂ ਇਕ ਜ਼ਖਮੀ ਹੋਇਆ ਕਬੂਤਰ ਆਪਣੇ ਜ਼ਖਮਾਂ ਨੂੰ ਆਪਣੇ ਖੰਭਾਂ ਹੇਠ ਛੁਪਾਅ ਰੱਖਦਾ ਹੈ। ਇਸ ਤਰ੍ਹਾਂ ਔਰਤ ਆਪਣੇ ਦਿਲ ਵਿਚ ਕਿੰਨੇ ਹੀ ਦਰਦ ਛੁਪਾਈ ਰੱਖਦੀ ਹੈ। ਔਰਤ ਵਿਆਹ ਤੋਂ ਪਹਿਲਾਂ ਵੀ ਜ਼ੰਜੀਰਾਂ ਵਿਚ ਜਕੜੀ ਹੋਈ ਹੈ ਤੇ ਵਿਆਹ ਤੋਂ ਬਾਅਦ ਵੀ। ਪੰਜਾਬੀ ਸਾਹਿਤ ਦਾ ਮਸ਼ਹੂਰ ਸ਼ਾਇਰ ਸੁਰਜੀਤ ਪਾਤਰ ਔਰਤ ਦੇ ਦੁਖਾਂਤ ਨੂੰ ਆਪਣੀ ਕਵਿਤਾ ਵਿਚ ਇੰਝ ਬਿਆਨ ਕਰਦਾ ਹੈ:-

ਇਕ ਕੈਦ ’ਚੋਂ ਦੂਜੀ ਕੈਦ ਵਿਚ ਪਹੁੰਚ ਗਈ ਹੈ,
ਕੀ ਖੱਟਿਆ ਵਟਣਾ ਮਲ਼ਕੇ, ਮਹਿੰਦੀ ਲਾ ਕੇ।

ਇਹ ਸਵੈ-ਅਭਿਮਾਨੀ ਮਨੁੱਖ ਜੋ ਆਪਣੇ ਆਪ ਨੂੰ ਇਕ ਸੁਤੰਤਰ ਹੋਂਦ ਰੱਖਣ ਦਾ ਭਰਮ ਪਾਲੀ ਬੈਠਾ ਹੈ ਤੇ ਬੜੇ ਫਖਰ ਨਾਲ ਆਖਦਾ ਹੈ ਕਿ, ਮੈਂ ਕਿਸੇ ਤੋਂ ਡਰਦਾ ਨਹੀਂ ਹਾਂ ਤੇ ਨਾਲ ਹੀ ਉਹ ਮਹਾਂਪੁਰਖਾਂ ਦੇ ਦਿੱਤੇ ਗਏ ਉਪਦੇਸ਼ਾਂ ਦੀ ਪਾਲਣਾ ਵੀ ਨਹੀਂ ਕਰਦਾ ਹੈ। ਸਾਡੇ ਸ਼ਾਸਤਰਾਂ ਅਨੁਸਾਰ ਔਰਤ ਤੇ ਮਰਦ ਇਸ ਜੀਵਨ ਰੂਪੀ ਗੱਡੀ ਦੇ ਦੋ ਪਹੀਏ ਹਨ ਜੋ ਦੋਵੇਂ ਬਰਾਬਰ ਦੀ ਤਾਕਤ ਤੇ ਅਧਿਕਾਰ ਰੱਖਦੇ ਹਨ, ਜਿਹਨਾਂ ਨਾਲ ਜੀਵਨ ਦਾ ਸਾਵਾਂਪਣ ਬਣਿਆ ਰਹਿੰਦਾ ਹੈ, ਜੇਕਰ ਇਕ ਪਹੀਏ ਵਿਚ ਕੋਈ ਕੁਦਰਤੀ ਜਾਂ ਗੈਰ ਕੁਦਰਤੀ ਵਿਗਾੜ ਪੈ ਜਾਵੇ ਤਾਂ ਜੀਵਨ ਰੂਪੀ ਚਲਦੀ ਗੱਡੀ ਵਿਚ ਅਸਾਵਾਂਪਣ ਆ ਜਾਂਦਾ ਹੈ ਪਰ ਇਸ ਜੀਵਨ ਰੂਪੀ ਗੱਡੀ ਵਿਚ ਮਰਦ ਵੱਲੋਂ ਔਰਤ ਨੂੰ ਕਦੀ ਵੀ ਬਰਾਬਰ ਦਾ ਅੱਧ ਨਹੀਂ ਸਮਝਿਆ ਗਿਆ ਪਰ ਇਹ ਮਨੁੱਖ ਲਈ ਬੜੇ ਦੁੱਖ ਤੇ ਸ਼ਰਮ ਦੀ ਗੱਲ ਹੈ।

ਅੱਜ ਅਸੀਂ ਭਾਵੇਂ ‘ਕੌਮਾਂਤਰੀ ਜਾਂ ਕੌਮੀ ਮਹਿਲਾ ਦਿਵਸ’ ਮੌਕੇ ਤੇ ਕੀਤੇ ਗਏ ਸਮਾਗਮਾਂ ਤੇ ਔਰਤਾਂ ਦੇ ਹੱਕਾਂ ਲਈ ਲਾਏ ਗਏ ਵੱਡੇ-ਵੱਡੇ ਨਾਅਰਿਆਂ ਤੇ ਭਾਸ਼ਣਾਂ ਤੇ ਮਾਣ ਕਰੀਏ ਤੇ ਨਾਲ ਹੀ ਸੱਤਾ ਤੇ ਮਹੱਤਵਪੂਰਨ ਅਹੁਦਿਆਂ ਤੇ ਬਿਰਾਜਮਾਨ ਔਰਤਾਂ ਨੂੰ ਸਨਮਾਨ ਦੇ ਕੇ ਫਖਰ ਮਹਿਸੂਸ ਕਰੀਏ ਪਰ ਇਕ ਕੌੜਾ ਸੱਚ ਇਹ ਵੀ ਹੈ ਕਿ ਦੇਸ਼ ਵਿਚ ਅਜੇ ਵੀ ਕਰੋੜਾਂ ਔਰਤਾਂ ਨੂੰ ਅਨੇਕਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ‘ਕਬਾਇਲੀ ਖੋਜ ਅਤੇ ਸਭਿਆਚਾਰਕ ਫਾਉਂਡੇਸ਼ਨ’ ਵੱਲੋਂ ਕਰਵਾਏ ਗਏ ਸਰਵੇਖਣ ਨੇ ਜੰਮੂ-ਕਸ਼ਮੀਰ ਵਿਚ ਗੁੱਜਰ ਔਰਤਾਂ ਬਾਰੇ ਨਿਰਾਸ਼ਾਜਨਕ ਤੱਥ ਸਾਹਮਣੇ ਲਿਆਂਦੇ ਹਨ, ਭਾਵੇਂ ਇਸ ਦਾ ਦੋਸ਼ ਗਰੀਬੀ, ਅਨਪੜ੍ਹਤਾ, ਮਾੜਾ ਜੀਵਨ ਢੰਗ, ਜਲਦ ਵਿਆਹ, ਵਹਿਮ-ਭਰਮ, ਰਵਾਇਤੀ ਅਣਦੇਖੀ ਜਾਂ ਭਲਾਈ ਸਕੀਮਾਂ ਬਾਰੇ ਜਾਗਰੂਕਤਾ ਦੀ ਘਾਟ ਨੂੰ ਦੇਖੀਏ ਪਰ ਸੱਚ ਤਾਂ ਇਹ ਹੈ ਕਿ ਇਹਨਾਂ ਔਰਤਾਂ ਨੂੰ ਸਮਾਜਿਕ-ਰਾਜਨੀਤਿਕ ਖੇਤਰ ਵਿਚ ਘੱਟ ਪ੍ਰਤੀਨਿਧਤਾ ਮਿਲਦੀ ਹੈ। ਉਹਨਾਂ ਦੀ ਸ਼ਮੂਲੀਅਤ ਨਾ ਕੇਵਲ ਸੂਬੇ ਦੀ ਨੀਤੀ ਨਿਰਮਾਣ ਢਾਂਚੇ ਵਿਚ ਹੀ ਨਾਮਾਤਰ ਹੈ, ਸਗੋਂ ਗੁੱਜਰ ਮਾਮਲਿਆਂ ਲਈ ਕੰਮ ਕਰ ਰਹੇ ਇਕਮਾਤਰ ਮਹਿਕਮੇ ਵਿਚ ਵੀ ਉਹ ਪ੍ਰਤੱਖ ਤੌਰ ਤੇ ਗੈਰ ਹਾਜ਼ਰ ਹਨ।

ਅਗਰ ਸਮੁੱਚੇ ਭਾਰਤ ਵਿਚ ਔਰਤ ਦੀ ਦਸ਼ਾ ਤੇ ਝਾਤ ਮਾਰੀਏ ਤਾਂ ਇਸ ਦੇ ਨਤੀਜੇ ਬੜੇ ਹੈਰਾਨੀਜਨਕ ਸਾਡੇ ਸਾਹਮਣੇ ਆਉਂਦੇ ਹਨ, ਭਾਵੇਂ ਜੰਮੂ-ਕਸ਼ਮੀਰ ਦੀਆਂ ਔਰਤਾਂ ਦੇ ਸਰਵੇ ਦੀ ਗੱਲ ਹੋਵੇ ਜਾਂ ਹੋਰ ਸੂਬਿਆਂ ਦੀ ਗੱਲ ਹੋਵੇ, ਵੱਡੀ ਗਿਣਤੀ ਵਿਚ ਲੜਕੀਆਂ ਸਕੂਲਾਂ ਵਿਚ ਪੜ੍ਹਾਈ ਲਈ ਨਹੀਂ ਜਾਂਦੀਆਂ। ਜਿਹਨਾਂ ਕੁਝ ਲੜਕੀਆਂ ਨੂੰ ਸਕੂਲਾਂ ਵਿਚ ਦਾਖਲਾ ਮਿਲ ਵੀ ਜਾਂਦਾ ਹੈ, ਉਹ ਆਪਣੀਆਂ ਘਰੇਲੂ ਮਜਬੂਰੀਆਂ ਤੇ ਆਰਥਿਕ ਤੰਗੀਆਂ ਕਾਰਨ ਆਪਣੀ ਪੜ੍ਹਾਈ ਜਾਰੀ ਨਹੀਂ ਰੱਖ ਸਕਦੀਆਂ। ਇਸੇ ਮੁੱਖ ਕਾਰਨ ਕਰਕੇ ਔਰਤਾਂ ਦੀ ਸਾਖਰਤਾ ਦਰ ਰਸਾਤਲ ਵੱਲ ਜਾ ਰਹੀ ਹੈ। ਉਹਨਾਂ ਵਿਚੋਂ 70 ਫੀਸਦੀ ਤੋਂ ਜ਼ਿਆਦਾ ਔਰਤਾਂ ਅਨਪੜ੍ਹ ਹਨ। ਹੁਣ ਇਹ ਉਮੀਦ ਕੀਤੀ ਜਾਂਦੀ ਹੈ ਕਿ ਕਾਨੂੰਨੀ ਤੌਰ ਤੇ ਲਾਗੂ ਹੋ ਸਕਣ ਵਾਲਾ ’ਸਿੱਖਿਆ ਦਾ ਅਧਿਕਾਰ’ ਔਰਤ ਦੀ ਮਦਦ ਕਰੇਗਾ। ਕੁਝ ਵਰਗਾਂ ਨੂੰ ਕਈ ਪੱਧਰਾਂ ’ਤੇ ਵਿਤਕਰੇ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਸਭ ਸੂਬਿਆਂ ਵਿਚ ਅਨੁਸੂਚਿਤ ਜਨ ਜਾਤੀਆਂ ਲਈ ਰਾਖਵੇਂਕਰਨ ਜਿਹੀਆਂ ਹਾਂ-ਪੱਖੀ ਨੀਤੀਆਂ ਪਹਿਲਾਂ ਹੀ ਮੌਜੂਦ ਹਨ ਅਤੇ ਲੋੜ ਤਾਂ ਸਿਰਫ ਜਾਗਰੂਕਤਾ ਮੁਹਿੰਮ ਚਲਾਉਣ ਦੀ ਹੈ। ਭਾਰਤ ਸਰਕਾਰ ਦੇ ’ਸਰਵ-ਸਿੱਖਿਆ ਅਭਿਆਨ’ ਦੀ ਨੀਤੀ ਨਾਲ ਮੌਜੂਦਾ ਅਧਿਐਨ ਤੇ ਸਰਵੇਖਣ ਇਹ ਦੱਸਦੇ ਹਨ ਕਿ ਸਮੁੱਚੇ ਭਾਰਤ ਵਰਸ਼ ਵਿਚ ਲੜਕੀਆਂ ਦੀ ਪੜ੍ਹਾਈ ਵੱਲ ਰੁਝਾਨ ਵਧਿਆ ਹੈ ਤੇ ਇਹ ਔਰਤ ਨੂੰ ਸਾਖਰ ਕਰਨ ਵੱਲ ਚੰਗੇ ਸੰਕੇਤ ਹਨ। ਇਸ ਜਾਗਰੂਕਤਾ ਅਭਿਆਨ ਰਾਹੀਂ ਔਰਤ ਪ੍ਰਤੀ ਪ੍ਰੰਪਰਾਗਤ ਨਜ਼ਰੀਏ ਨੂੰ ਬਦਲਣਾ ਚਾਹੀਦਾ ਹੈ ਜੋ ਔਰਤ ਨੂੰ ਸਾਖਰ ਕਰਨ ਦੇ ਰਾਹ ਵਿਚ ਰੋੜਾ ਅਟਕਾਉਂਦਾ ਹੈ। ਔਰਤ ਦਾ ਕਿਸੇ ਕਿਸਮ ਦਾ ਸਸ਼ਕਤੀਕਰਨ ਉਦੋਂ ਤੱਕ ਕੋਈ ਮਾਇਨੇ ਨਹੀਂ ਰੱਖਦਾ, ਜਿੰਨਾ ਚਿਰ ਇਹ ਆਮ ਔਰਤਾਂ ਤੱਕ ਨਹੀਂ ਪਹੁੰਚਦਾ ਅਤੇ ਔਰਤਾਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਨਹੀਂ ਕਰਦਾ।

ਪੁਰਾਤਨ ਸ਼ਾਸਤਰ ਮਨੁੱਖੀ ਜੀਵਨ ਦੇ ਜਿੱਥੇ ਔਰਤ ਤੇ ਮਰਦ ਨੂੰ ਦੋ ਪਹੀਏ ਦੱਸਦੇ ਹਨ, ਉਥੇ ਔਰਤ ਦਾ ਨਾਂ ਆਉਂਦਿਆਂ ਹੀ ਮਨੁੱਖ ਦੀ ਹੋਂਦ ਨੂੰ ਸੰਸਾਰ ਵਿਚ ਲਿਆਉਣ ਵਾਲੀ (ਭਾਵ ਮਨੁੱਖ ਦੀ ਜਨਮਦਾਤੀ) ਤਿਆਗ, ਸਹਿਣਸ਼ੀਲਤਾ ਅਤੇ ਬਲੀਦਾਨ ਦੀ ਤਸਵੀਰ ਸਾਡੀ ਚੇਤਨਾ ਦਾ ਆਂਗਨ ਮੱਲ ਲੈਂਦੀ ਹੈ। ਔਰਤ ਦੀ ਮਹਾਨਤਾ ਨੂੰ ਅੱਜ ਤੋਂ ਕੋਈ ਪੰਜ ਸਦੀਆਂ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਨਾ ’ਆਸਾ ਦੀ ਵਾਰ’ ਵਿਚ ਇੰਝ ਬਿਆਨ ਕੀਤਾ ਹੈ:

‘ਭੰਡੁ ਮੋਆ ਭੰਡੁ ਭਾਲੀਐ, ਭੰਡਿ ਹੋਵੈ ਵਰਦਾਨ,
ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ।

ਭਾਵ ਅਸੀਂ ਉਸ ਔਰਤ ਨੂੰ ਮੰਦਾ ਜਾਂ ਬੁਰਾ ਕਿਉਂ ਆਖਦੇ ਹਾਂ, ਜਿਹੜੀ ਰਾਜੇ ਮਹਾਰਾਜਿਆਂ ਨੂੰ ਜਨਮ ਦਿੰਦੀ ਹੈ। ਇਕ ਵਿਆਹੁਤਾ ਔਰਤ ਦੇ ਮਰਨ ਬਾਅਦ ਅਸੀਂ ਥੋੜ੍ਹੇ ਸਮੇਂ ਲਈ ਵੀ ਸਬਰ ਨਹੀਂ ਕਰ ਸਕਦੇ ਤੇ ਦੂਸਰੇ ਵਿਆਹ ਲਈ ਨਵੀਂ ਔਰਤ ਭਾਲਣੀ ਸ਼ੁਰੂ ਕਰ ਦਿੰਦੇ ਹਾਂ। ਅਕਸਰ ਇਹ ਦੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਦੀ ਜਵਾਨ ਔਰਤ ਮਰ ਜਾਂਦੀ ਹੈ ਤਾਂ ਲੋਕ ਅਫਸੋਸ ਕਰਨ ਜਾਂਦੇ ਹਨ ਤੇ ਫੂਹੜੀ ਤੇ ਅਫਸੋਸ ਕਰਦੇ ਸਮੇਂ ਹੀ ਆਖੀ ਜਾਣਗੇ ਕਿ ਮਾੜਾ ਹੋਇਆ ਅਜੇ ਤਾਂ ਉਮਰ ਹੀ ਕੀ ਸੀ, ਵਿਚਾਰੀ ਦੇ ਛੋਟੇ-ਛੋਟੇ ਬੱਚੇ ਸਨ, ਉਹਨਾਂ ਨੂੰ ਕੌਣ ਸੰਭਾਲੇਗਾ, ਚਲੋ ਹੁਣ ਤਾਂ ਤੇਰਾ ਕੋਈ ਨਾ ਕੋਈ ਵਿਆਹ ਦਾ ਜੁਗਾੜ ਕਰਦੇ ਹਾਂ, ਨਾਲੇ ਬੱਚੇ ਸੰਭਾਲੇ ਜਾਣਗੇ ਤੇ ਨਾਲੇ ਕਾਕਾ ਤੇਰੀ ਰੋਟੀ ਪੱਕਣੀ ਹੋ ਜਾਊਗੀ ਆਦਿ-ਆਦਿ ਗੱਲਾਂ ਕਰਦੇ ਹਨ। ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਅਜੇ ਸੋਗ ਖਤਮ ਨਹੀਂ ਹੋਇਆ ਹੁੰਦਾ ਕਿ ਲੋਕ ਨਵੇਂ ਵਿਆਹ ਲਈ ਔਰਤ ਦੀ ਭਾਲ ਕਰਨ ਦੀ ਗੱਲ ਸ਼ੁਰੂ ਕਰ ਦਿੰਦੇ ਹਨ, ਇਹ ਨਹੀਂ ਸੋਚਦੇ ਕਿ ਅਜੇ ਤਾਂ ਸੋਗ ਵੀ ਖਤਮ ਨਹੀਂ ਹੋਇਆ। ਉਂਝ ਉਹਨਾਂ ਦਾ ਔਰਤ ਬਿਨਾਂ ਨਾ ਗੁਜ਼ਾਰਾ ਹੁੰਦਾ ਹੈ ਤੇ ਨਾ ਹੀ ਉਹ ਮਨੁੱਖ ਆਪਣਾ ਜੀਵਨ ਪੰਧ ਮੁਕਾਅ ਸਕਦਾ ਹੈ। ਇੱਥੇ ਮਨੁੱਖ ਆਪਣੀ ਮਾਨਸਿਕਤਾ ਬਦਲੇ, ਔਰਤ ਨੂੰ ਮਾਨਤਾ ਤੇ ਸਤਿਕਾਰ ਦੇਵੇ ਤੇ ਉਸ ਨੂੰ ਸਮਾਜਿਕ ਬਰਾਬਰੀ ਦੇਣ ਦੀ ਗੱਲ ਨੂੰ ਆਪਣੇ ਖਾਨੇ ਵਿਚ ਪਾਵੇ ਤੇ ਉਸ ਦਾ ਰੁਤਬਾ ਬਰਾਬਰ ਸਮਝੇ ਕਿ ਉਹ ਮੇਰੇ ਨਾਲੋਂ ਕਿਸੇ ਗੱਲੋਂ ਵੀ ਘੱਟ ਨਹੀਂ ਹੈ, ਸਗੋਂ ਮਨੁੱਖ ਨਾਲੋਂ ਉਹ ਕਿਤੇ ਮਹਾਨ ਹੈ, ਇੰਝ ਕਰਨ ਨਾਲ ਹੀ ਔਰਤ ਦੀ ਹੋਂਦ ਨੂੰ ਸਮਾਜ ਵਿਚ ਮਰਦ ਦੇ ਬਰਾਬਰ ਸਥਾਪਤ ਕੀਤਾ ਜਾ ਸਕਦਾ ਹੈ। ਉਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ, ਔਰਤ ਦਾ ਸਤਿਕਾਰ ਕਰਨ ਲਈ ਲਲਕਾਰਿਆ ਸੀ ਤੇ ਆਪਣੇ ਹੱਕਾਂ ਦੀ ਖਾਤਰ ਤੜਫਦੀ ਔਰਤ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕੀਤੀ ਸੀ, ਕਿਉਂਕਿ ਉਸ ਸਮੇਂ ਔਰਤ ਦੀ ਸਮਾਜ ਵਿਚ ਬਹੁਤ ਮੰਦੀ ਹਾਲਤ ਸੀ। ਗੁਰੂ ਜੀ ਦੇ ਇਸ ਕ੍ਰਾਂਤੀਕਾਰੀ ਕਦਮ ਨੂੰ ਦੂਸਰੇ ਗੁਰੂ ਸਾਹਿਬਾਨ ਨੇ ਅੱਗੇ ਤੋਰਿਆ। ਗੁਰੂ ਅਮਰਦਾਸ ਜੀ ਨੇ ’ਸਤੀ ਦੀ ਰਸਮ( ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ ’ਖਾਲਸੇ ਦੀ ਮਾਤਾ’ ਹੋਣ ਦਾ ਮਾਣ ਬਖਸ਼ਿਆ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸਦੀਆਂ ਤੋਂ ਬੰਦੀ ਬਣਾਈ ਔਰਤ ਨੂੰ ਇਕ ਤਰ੍ਹਾਂ ਨਾਲ ਆਜ਼ਾਦ ਕਰ ਦਿੱਤਾ। ਔਰਤ ਨੂੰ ਬੇਵਫ਼ਾ, ਝੂਠੀ ਤੇ ਧੋਖੇਬਾਜ਼ ਕਹਿਣ ਵਾਲਿਓ! ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਦੇਖੋ ਕਿ ਤੁਸੀਂ ਕਿੰਨੇ ਕੁ ਸੱਚੇ-ਸੁੱਚੇ ਤੇ ਦੁੱਧ ਧੋਤੇ ਹੋ? ਸੱਚ ਤਾਂ ਇਹ ਹੈ ਕਿ ‘ਅਸੀਂ ਤਾਂ ਔਰਤ ਤੋਂ ਜਨਮ ਲੈ ਕੇ ਔਰਤ ਦੇ ਦੇਣਦਾਰ ਹਾਂ। ਜਿਸ ਨੇ ਪਹਿਲਾਂ ਜ਼ਿੰਦਗੀ ਦਿੱਤੀ ਅਤੇ ਫਿਰ ਜ਼ਿੰਦਗੀ ਨੂੰ ਜਿਊਣ ਯੋਗ ਬਣਾਇਆ।” ਇਸ ਲਈ ਜਿੰਨਾ ਕੁਦਰਤ ਦੇ ਬੰਦਿਆਂ ਨੇ ਔਰਤ ਦਾ ਆਦਰਸ਼ ਰੂਪ ਦੇਖ ਲਿਆ ਹੈ, ਉਹ ਇਸ ਦੇ ਪੁਜਾਰੀ ਬਣ ਗਏ ਹਨ।

ਪੰਜਾਬੀ ਦਾ ਮਹਾਨ ਪਿਤਾਮਾ ਨਾਵਲਕਾਰ ਨਾਨਕ ਸਿੰਘ ਆਪਣੇ ਨਾਵਲ ’ਕੱਟੀ ਪਤੰਗ’ ਵਿਚ ਔਰਤ ਬਾਰੇ ਆਖਦਾ ਹੈ ਕਿ ਅੱਜ ਸਾਡੇ ਸਮਾਜ ਵਿਚ ਔਰਤ ਦੀ ਹਾਲਤ ਇਕ ਕੱਟੀ ਹੋਈ ਪਤੰਗ ਵਾਂਗ ਹੈ ਜੋ ਬਚਪਨ ਵਿਚ ਮਾਤਾ-ਪਿਤਾ ਦੀ ਗੁਲਾਮੀ, ਵਿਆਹੀ ਜਾਣ ਤੇ ਪਤੀ ਦੀ ਗੁਲਾਮੀ ਤੇ ਬੁੱਢੇ ਹੋ ਜਾਣ ਤੇ ਫਿਰ ਆਪਣੇ ਧੀਆਂ-ਪੁੱਤਰਾਂ ਦੀ ਗੁਲਾਮੀ ਦਾ ਸਾਹਮਣਾ ਕਰਦੀ ਹੈ। ਉਸ ਦੀ ਹਾਲਤ ਇਕ ਕੱਟੀ ਹੋਈ ਪਤੰਗ ਵਾਂਗ ਹੈ, ਜਿਸ ਨੂੰ ਕੱਟੀ ਜਾਣ ’ਤੇ ਹਰ ਆਦਮੀ ਲੁੱਟਣ ਲਈ ਦੌੜਦਾ ਹੈ ਤੇ ਉਹ ਨੂੰਟ ਹੋ ਕੇ ਪੁਰਜਾ-ਪੁਰਜਾ ਹੋ ਜਾਂਦੀ ਹੈ। ਪਰ ਇਸ ਦੇ ਉਲਟ ਉਹ ਆਪਣੇ ਅਗਲੇ ਨਾਵਲ ’ਅੱਧ ਖਿੜਿਆ ਫੁੱਲ’ ਵਿਚ ਔਰਤ ਦੀ ਮਹਾਨਤਾ ਦੀ ਗੱਲ ਇਸ ਤਰ੍ਹਾਂ ਕਰਦਾ ਹੈ, ’’ਮੈਂ ਇਸਤਰੀ ਨੂੰ ਏਡੀ ਉੱਚਤਾ, ਏਡੀ ਵਿਸ਼ਾਲਤਾ ਕਿਵੇਂ ਪ੍ਰਾਪਤ ਕਰ ਲਈ? ਸਹਿਣਸ਼ੀਲਤਾ ਦੇ ਸੋਮੇ ਤੇਰੇ ਅੰਦਰ, ਮਸਤੀ ਦੀ ਕਾਗਾਂ ਤੇਰੇ ਵਿਚ, ਤਿਆਗ ਦੇ ਅਟੁੱਟ ਪਹਾੜ ਤੇਰੇ ਵਿਚ, ਪਿਆਰ ਦੇ ਅਥਾਹ ਸਮੁੰਦਰ ਤੇਰੇ ਵਿਚ। ਇਹ ਸਭ ਕੁਝ ਹੇ ਇਸਤਰੀ ਤੂੰ ਕਿਵੇਂ ਪ੍ਰਾਪਤ ਕਰ ਲਿਆ?

ਸ਼ਿਵ ਕੁਮਾਰ ਬਟਾਲਵੀ ਔਰਤ ਦੀ ਮਹਾਨਤਾ ਬਾਰੇ ਇੰਝ ਲਿਖਦਾ ਹੈ, ’’ਗੱਲ ਕੀ ਔਰਤ ਕੁਦਰਤ ਦਾ ਇਕ ਅਜਿਹਾ ਅਦਭੁਤ ਤੇ ਰਹੱਸਮਈ ਕਰਿਸ਼ਮਾ ਹੈ ਜੋ ਆਦਿ ਕਾਲ ਤੋਂ ਹੀ ਸਾਰੇ ਸੰਸਾਰ ਦਾ ਭਾਰ ਚੁੱਕੀ ਫਿਰਦਾ ਹੈ। ਇੰਝ ਜਾਪਦਾ ਹੈ ਜਿਵੇਂ ਧਰਤੀ ਬਲਦ ਦਿਆਂ ਸਿੰਗਾਂ ਤੋਂ ਆਪਣਾ ਸਥਾਨ ਬਦਲ ਕੇ ਔਰਤ ਦਿਆਂ ਮੋਢਿਆਂ ’ਤੇ ਟਿਕੀ ਹੋਵੇ। ਦੂਜੇ ਬੰਨੇ ਮਰਦ ਜਨਮ ਤੋਂ ਲੈ ਕੇ ਮਰਨ ਤੱਕ ਹਰ ਕੰਮ ਲਈ ਔਰਤ ਤੇ ਨਿਰਭਰ ਕਰਦਾ ਹੈ। ਕਦੇ ਮਾਂ, ਕਦੇ ਭੈਣ, ਕਦੇ ਪਤਨੀ ਦੇ ਰੂਪ ਵਿਚ। ਜ਼ਾਹਿਰ ਹੈ ਔਰਤ, ਮਰਦ ਨੂੰ ਕੁਦਰਤ ਵੱਲੋਂ ਦਿੱਤੀ ਸਭ ਤੋਂ ਸ੍ਰੇਸ਼ਟ ਸੌਗਾਤ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਔਰਤ ਸੰਸਾਰ ਰੂਪੀ ਬਾਗ ਵਿਚ ਸਭ ਤੋਂ ਉੱਤਮ ਫੁੱਲ ਹੈ। ਇਹ ਸੰਸਾਰ ਕਦੀ ਇੰਨਾ ਖੂਬ-ਸੂਰਤ ਤੇ ਦਿਲਕਸ਼ ਨਾ ਹੁੰਦਾ ਜੇ ਇਸ ਵਿਚ ਔਰਤ ਨਾ ਹੁੰਦੀ ਕਿਉਂਕਿ ਧਰਤੀ ’ਤੇ ਜੋ ਕੁਝ ਸੋਹਣਾ ਹੈ ਉਸ ਦੇ ਪਿੱਛੇ ਔਰਤ ਅਵੱਸ਼ ਹੈ।”

ਸਮਾਜ ਦੇ ਇਸ ਚਿੱਕੜ ਵਿਚ ਔਰਤ ਰੂਪੀ ਕੰਵਲ ਖਿੜਦੇ ਹਨ। ਸਾਡੇ ਭਾਰਤ ਦੇ ਇਤਿਹਾਸ ਵਿਚ ਝਾਂਸੀ ਦੀ ਰਾਣੀ ਅਤੇ ਮਾਈ ਭਾਗੋ ਨੂੰ ਸ਼ਕਤੀ ਦਾ ਸੰਚਾਰ ਕਰਨ ਦਾ ਆਦਰਸ਼ ਮੰਨਦੇ ਹਨ। ਕਿਰਨ ਬੇਦੀ ਨੂੰ ਇਕ ਪ੍ਰਤਿਭਾਸ਼ਾਲੀ, ਬਲਵਾਨ ਤੇ ਇਕ ਸੁਚਾਰੂ ਪ੍ਰਬੰਧਕ, ਪੀ. ਟੀ. ਊਸ਼ਾ ਨੂੰ ਖੇਡ ਮੈਦਾਨ ਦੀ ਝੰਡਾ ਬਰਦਾਰ, ਅੰਮ੍ਰਿਤਾ ਪ੍ਰੀਤਮ, ਡਾ. ਦਲੀਪ ਕੌਰ ਟਿਵਾਣਾ ਤੇ ਲੇਖਿਕਾ ਅਜੀਤ ਕੌਰ ਨੂੰ ਸਾਹਿਤ ਦੀ ਵਿਲੱਖਣ ਹਸਤਾਖਰ, ਕਲਪਨਾ ਚਾਵਲਾ ਸਪੇਸ ਦੀ ਪਹਿਲੀ ਰਾਣੀ, ਲਤਾ ਮੰਗੇਸ਼ਕਰ ਨੂੰ ਸੁਰੀਲੀ ਆਵਾਜ਼ ਦੇ ਸੂਰਜ ਦਾ ਪ੍ਰਤੀਨਿਧ ਰੂਪ ਸਮਝਦੇ ਹਾਂ। ਭਾਵੇਂ ਇਹ

(ਬਾਕੀ ਸਫਾ 25 ਤੇ)

# ਸਤਿਗੁਰੂ ਰਵਿਦਾਸ ਜੀ ਦੇ 638ਵੇਂ ਗੁਰਪੁਰਬ ਤੇ

# 'ਐਸੀ ਲਾਲ ਤੁਝ ਬਿਨੁ ਕਉਨੁ ਕਰੈ।'



ਪ੍ਰੋ: ਐਚ ਐਲ ਕਪੂਰ
916- 587-4002

ਭਗਤੀ ਮੱਤ ਭਾਰਤ ਦੇ ਦੱਖਣ ਵਿਚ ਪੈਦਾ ਹੋਇਆ। ਇਹਨਾਂ ਦੇ ਭਗਤੀ ਮੱਤ ਦੇ ਅਧਿਆਤਮਵਾਦ ਦਾ ਕੇਂਦਰ ਬਿੰਦੂ ਅਵਤਾਰਵਾਦ ਸੀ। ਪ੍ਰਮੁੱਖ ਮੰਨੇ ਜਾਂਦੇ ਤਿੰਨ ਦੇਵਤਿਆਂ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਵਿਚੋਂ ਵਿਸ਼ਨੂੰ ਨੂੰ ਈਸ਼ਵਰ ਰੂਪ ਦੀ ਮਾਨਤਾ ਦਿੱਤੀ ਗਈ। ਇਹੋ ਵਿਸ਼ਵਾਸ ਵੈਸ਼ਨਵ ਭਗਤੀ ਮੱਤ ਦੇ ਅਧਿਆਤਮਵਾਦ ਦਾ ਮੂਲ ਆਧਾਰ ਬਣਿਆ। ਭਗਤੀ ਮੱਤ ਦਾ ਦੂਸਰਾ ਨਾਮ ਵੈਸ਼ਨਵ ਧਰਮ ਹੈ। ਭਗਤਾਂ ਨੂੰ ਵੈਸ਼ਨਵ ਵੀ ਕਿਹਾ ਜਾਂਦਾ ਹੈ। ਕੁਝ ਦੇਵਤਿਆਂ ਦੀ ਪੂਜਾ, ਖਾਸ ਕਰਕੇ 'ਰੁਦ੍ਰ' ਦੀ ਪੂਜਾ ਜਿਸ ਨੂੰ ਮਗਰੋਂ ਸ਼ਿਵ ਜੀ ਹੀ ਮੰਨਿਆ ਜਾਣ ਲੱਗਾ, ਆਰੀਆ ਦੇ ਆਉਣ ਅਤੇ ਉਸ ਦੇ ਵਧਣ-ਫੁੱਲਣ ਤੋਂ ਪਹਿਲਾਂ ਹੋਣ ਦੇ ਸਬੂਤ ਵਿਦਵਾਨਾਂ ਨੇ ਲੱਭੇ ਹਨ। ਕੁਦਰਤ ਦੀ ਬਖਸ਼ੀ ਹਰ ਚੀਜ਼ ਜਿਵੇਂ: ਹਵਾ, ਪਾਣੀ, ਸੂਰਜ, ਚੰਦ, ਅਗਨੀ, ਦਰਖਤ, ਮੀਂਹ, ਪਹਾੜ ਆਦਿ ਨੂੰ ਦੇਵਤਾ ਮੰਨ ਕੇ ਉਸਦੀ ਪੂਜਾ ਕੀਤੀ ਜਾਂਦੀ ਸੀ। ਇਸ ਪੂਜਾ ਦੇ ਕਰਮ ਤੇ ਬ੍ਰਾਹਮਣਵਾਦ ਤੇ ਪ੍ਰੋਹਿਤਵਾਦ ਦਾ ਪੂਰਨ ਕਬਜ਼ਾ ਸੀ। ਇਹਨਾਂ ਕੁਦਰਤੀ ਵਸਤਾਂ ਦੀ ਭੋਲੇ-ਭਾਲੇ ਲੋਕਾਂ ਨੂੰ ਕੋਈ ਵਿਗਿਆਨਕ ਸੋਝੀ ਨਹੀਂ ਸੀ। ਪ੍ਰੋਹਿਤ ਦੀ ਵਿਚੋਲਗੀ ਤੋਂ ਬਿਨਾਂ ਇਸ ਦਾ ਕੋਈ ਵੀ ਧਰਮ ਦਾ ਕਰਮ ਸੰਪੂਰਨ ਨਹੀਂ ਮੰਨਿਆ ਜਾਂਦਾ ਸੀ। ਇਸ ਵਿਚ ਖਾਸ ਤੌਰ ਤੇ ਪੁੰਨ-ਦਾਨ ਦਾ ਕਰਮ ਖਾਸ ਮਹੱਤਤਾ ਰੱਖਦਾ ਸੀ। ਇਸ ਕਰਮ ਦੀ ਆੜ ਵਿਚ ਹੀ ਪ੍ਰੋਹਿਤ ਵਰਗ ਭੋਲੀ-ਭਾਲੀ ਜਨਤਾ ਨੂੰ ਆਰਥਿਕ ਤੌਰ ਤੇ ਲੁੱਟਦਾ ਸੀ। ਬੁੱਧ ਮੱਤ ਨੇ ਇਸ ਤਰ੍ਹਾਂ ਦੇ ਕਰਮ ਕਾਂਡੀ ਜਾਲ ਦੀਆਂ ਤੰਦਾਂ ਤੋੜੀਆਂ ਤੇ ਮਨੁੱਖ ਦੇ ਸੁਤੰਤਰ ਚਿੰਤਨ ਨੂੰ, ਸੁਤੰਤਰਤਾ ਤੇ ਧਰਮ ਦੇ ਇਖਲਾਕੀ ਪੱਖ ਨੂੰ ਪ੍ਰਮੁੱਖਤਾ ਦਿੱਤੀ।

ਕੁਝ ਸਮੇਂ ਬਾਅਦ ਸਰਗੁਣਵਾਦੀ ਧਾਰਾ ਦੀਆਂ ਵੀ ਦੋ ਸ਼ਾਖਾਵਾਂ ਹੋ ਗਈਆਂ 'ਆਲਵਰ' ਭਗਤਾਂ ਦਾ ਇਕ ਦਲ 'ਵੈਸ਼ਨਵ', ਦੂਜਾ ਸ਼ੰਕਰਾਚਾਰੀਆ ਨੂੰ ਮਹਾਨ ਸ਼ੰਕਰ (ਰੁਦ੍ਰ-ਸ਼ਿਵਜੀ) ਦਾ ਅਵਤਾਰ ਮੰਨਣ ਵਾਲਿਆਂ ਦਾ 'ਸ਼ੈਵਮਤ') ਇਹਨਾਂ ਦੋਹਾਂ ਮੱਤਾਂ ਵਿਚੋਂ ਦੱਖਣ ਵਿਚ 'ਸ਼ੈਵਮੱਤ' ਦਾ ਜ਼ੋਰ ਬਹੁਤ ਵੱਧ ਗਿਆ। ਇਸ ਕਾਰਨ ਦੋਹਾਂ ਦਲਾਂ ਵਿਚ ਆਪਸੀ ਮਾਰੂ ਝਗੜੇ ਸ਼ੁਰੂ ਹੋ ਗਏ।

ਇਹਨਾਂ ਭਗਤੀ ਦਲਾਂ ਵਿਚ ਵਿਸ਼ਨੂੰ ਮੱਤ ਦੇ ਅਚਾਰੀਆ ਰਾਮਾਨੁਜ ਜੀ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਉਹਨਾਂ ਨੇ ਸਰਗੁਣ ਭਗਤੀ ਨੂੰ ਉਪਾਸਨਾ ਦੀ ਉੱਚ ਕੋਟੀ ਦੇ ਸ਼ਾਸਤਰੀ ਅਰਥਾਂ ਦੀ ਕਸਵੱਟੀ ਉੱਤੇ ਪੂਰੇ ਉਤਰਨ ਦੇ ਆਧਾਰ ਵੀ ਦਿੱਤੇ। ਨਾਲ ਹੀ ਨਾਰੀ ਤੱਤਵ ਦਾ ਸੁਮੇਲ ਵੀ ਪ੍ਰਗਟਾ ਦਿੱਤਾ। ਨਰਾਇਣ ਅਤੇ ਲੱਛਮੀ ਦੀ ਲੀਲਾ ਨੂੰ ਭਗਤੀ ਮੱਤ ਦਾ ਮੂਲ ਰੂਪ ਮੰਨਿਆ ਗਿਆ। ਵਿਸ਼ਨੂੰ ਲੱਛਮੀ ਦੀ ਕਲਪਨਾ ਨੇ ਅੱਗੇ ਚੱਲ ਕੇ 'ਕ੍ਰਿਸ਼ਨ ਲੀਲਾ' ਅਤੇ 'ਰਾਧਾ ਕ੍ਰਿਸ਼ਨ' ਦੀ ਭਗਤੀ ਨੂੰ ਉਭਾਰਿਆ ਅਤੇ ਉਪਾਸਨਾ ਦਾ ਜਾਪ ਮੰਤਰ 'ਰਾਧਾ ਕ੍ਰਿਸ਼ਨ' ਦਾ ਮੰਤਰ ਦਿੱਤਾ। ਇਸ ਨਾਲ ਮੰਦਰਾਂ ਦੀ ਉਸਾਰੀ ਧੜਾ-ਧੜ ਹੋਣ ਲੱਗ ਪਈ ਤੇ 'ਰਾਧਾ ਕ੍ਰਿਸ਼ਨ' ਦੀ ਭਗਤੀ ਸਿਖਰਾਂ ਤੇ ਪਹੁੰਚ ਗਈ। ਮੰਦਰਾਂ ਵਿਚ ਦਲਿਤਾਂ ਤੇ ਸ਼ੂਦਰਾਂ ਨੂੰ ਜਾਣ ਤੋਂ ਰੋਕ ਦਿੱਤਾ ਗਿਆ। ਉਹ ਇਸ ਤਰ੍ਹਾਂ ਪ੍ਰਭੂ-ਭਗਤੀ ਦੀ ਉਪਾਸਨਾ ਨਾ ਕਰ ਸਕਣ ਕਰਕੇ, ਉਸ ਦੀ ਪ੍ਰਾਪਤੀ ਨਾ ਕਰ ਸਕੇ।

ਸਵਾਮੀ ਰਾਮਾਨੰਦ ਜੀ, ਅਚਾਰੀਆ ਰਾਮਾਨੁਜ ਪੱਧਤੀ ਦੇ ਚੌਦਵੇਂ ਅਚਾਰੀਆ ਸਨ। ਉਹਨਾਂ ਨੇ ਰਾਮਾਨੁਜ ਜੀ ਦੀ 'ਰਾਧਾ ਕ੍ਰਿਸ਼ਨ' ਭਗਤੀ ਦੇ ਉਲਟ 'ਰਾਮ ਭਗਤੀ' ਤੇ ਜ਼ੋਰ ਦਿੱਤਾ। ਉਹ ਉੱਤਰੀ ਭਾਰਤ ਵਿਚ ਰਾਮ ਭਗਤੀ ਸ਼ਾਖਾ ਨੂੰ ਬੜੇ ਜ਼ੋਰ ਨਾਲ ਪ੍ਰਚੱਲਿਤ ਕਰਨ ਵਾਲੇ ਮੁਢਲੇ ਅਚਾਰੀਆ ਮੰਨੇ ਜਾਂਦੇ ਹਨ। ਰਾਮਾਨੰਦ ਜੀ ਨੇ ਆਪਣੀ ਪੁਰ-ਾਣੀ 'ਸੰਪ੍ਰਦਾਇ-ਰਾਮਾਨੁਜੀ' ਕ੍ਰਿਸ਼ਨ ਭਗਤੀ ਤੋਂ ਵੱਖਰੀ 'ਰਾਮ ਭਗਤੀ ਸ਼ਾਖਾ' ਖੜ੍ਹੀ ਕੀਤੀ ਅਤੇ ਜਾਤ-ਪਾਤ ਦਾ ਬੰਧਨ ਤੋੜ ਕੇ ਭਗਤੀ ਲਈ ਕਥਿਤ ਸ਼ੂਦਰਾਂ ਅਤੇ ਅਛੂਤਾਂ ਨੂੰ ਸ਼ਾਮਲ ਕਰਕੇ, ਉਦਾਰਵਾਦੀ ਹੋਣ ਦਾ ਕਰਮ ਕੀਤਾ।

ਇਸ ਤਰ੍ਹਾਂ ਕ੍ਰਿਸ਼ਨ ਭਗਤੀ ਜੋ ਭਗਤੀ ਮੱਤ ਦੀ ਪਹਿਲੀ ਪ੍ਰਚੱਲਿਤ ਪ੍ਰਣਾਲੀ ਸੀ, ਦੀ ਲੀਹ ਤੋੜਨ ਵਾਲੇ ਹੋਣ ਕਾਰਨ, ਰਾਮਾਨੰਦ ਜੀ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਇਸ ਤਰ੍ਹਾਂ ਰਾਮਾਨੰਦ ਜੀ ਉੱਤਰੀ ਭਾਰਤ ਵਿਚ ਭਗਤ-ਮੰਡਲੀ ਦੀ ਪ੍ਰਥਮ ਸ਼ਖਸੀਅਤ ਸਨ। ਪਹਿਲਾਂ ਇਹ ਸਰਗੁਣਵਾਦੀ ਸਨ ਤੇ ਬਾਅਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਣ ਉਪਰੰਤ ਪ੍ਰਭਾਵਿਤ ਹੋ ਕੇ ਨਿਰਗੁਣਵਾਦੀ ਬਣ ਗਏ ਜੋ ਅੰਤ ਵਿਚ ਇਹ ਗੁਰਮਤਿ ਦੇ ਧਾਰਨੀ ਬਣ ਕੇ ਪ੍ਰਵਾਨ ਚੜ੍ਹੇ। ਇਹਨਾਂ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਭਗਤੀ ਲਹਿਰ ਦੇ 15 ਭਗਤਾਂ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ। ਸਤਿਗੁਰੂ ਰਵਿਦਾਸ ਜੀ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ 16 ਰਾਗਾਂ ਵਿਚ ਦਰਜ ਹੈ। ਕੁੱਲ ਬਾਣੀ ਇਕ ਸਲੋਕ ਸਮੇਤ 41 ਪਦੇ ਹਨ। ਪਦਿਆਂ ਵਿਚ ਵੱਖ-ਵੱਖ ਵਿਸ਼ੇ ਹਨ। ਸਭ ਤੋਂ ਵਿਲੱਖਣ ਚੀਜ਼ ਇਹ ਹੈ ਕਿ ਰਵਿਦਾਸ ਜੀ ਨੇ ਬੜੀ ਨਿਸੰਗਤਾ ਨਾਲ ਆਪਣੀ ਜਾਤੀ ਅਤੇ ਆਪਣੇ ਕਿੱਤੇ ਨੂੰ ਨਿਰਸੰਕੋਚ ਸ਼ਬਦਾਂ ਵਿਚ ਬਿਆਨ ਕੀਤਾ ਹੈ।

ਜਿਸ ਜਾਤੀ ਅਤੇ ਧੰਦੇ ਨੂੰ ਬਹੁਤ ਘਟੀਆ, ਨੀਚ ਅਤੇ ਭ੍ਰਿਸ਼ਟ ਮੰਨਿਆ ਜਾਂਦਾ ਸੀ, ਉਸ ਬਾਰੇ ਉਹ ਇਸ ਤਰ੍ਹਾਂ ਬਿਆਨ ਕਰਦੇ ਹਨ, 'ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥ ਕਹਿ ਰਵਿਦਾਸ ਖਲਾਸ ਚਮਾਰਾ॥ ਲੋਗ ਗਠਾਵੈ ਪਨਹੀ॥'

ਸਤਿਗੁਰੂ ਰਵਿਦਾਸ ਜੀ ਨੇ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਤੇ ਉਸ ਰਾਹੀਂ, 'ਨਿਰੰਜਨ ਪਾਉਣ' ਦੇ ਅਹਿਸਾਸ ਵਰਣਨ ਕੀਤੇ ਹਨ। ਪ੍ਰੇਮਾ ਭਗਤੀ ਦੇ ਰਾਹ ਚੱਲ ਕੇ 'ਮਿਲ ਸਾਧ ਸੰਗਤ ਪਾਈ ਪਰਮ ਗਤੇ।' 'ਗੁਰ ਪ੍ਰਸਾਦਿ ਨਿਰੰਜਨ ਪਾਵਉ' ਦੇ ਸੰਕੇਤਾਂ ਰਾਹੀਂ ਦਰਸਾਇਆ ਹੈ ਕਿ ਮੈਂ ਇਹ ਉੱਚ ਪਦਵੀ ਕਿਵੇਂ ਪ੍ਰਾਪਤ ਕੀਤੀ ਹੈ।

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਆਏ ਦੋ ਵਿਚਾਰ ਅਧਿਆਤਮਕ ਪੱਖੋਂ ਬਹੁਤ ਮਹੱਤਤਾ ਰੱਖਦੇ ਹਨ। ਪਹਿਲਾ ਹੈ ਆਤਮ ਗਿਆਨ ਦਾ ਪ੍ਰਗਾਸ, ਦੂਜਾ ਹੈ ਪ੍ਰੇਮਾ ਭਗਤੀ ਦਾ ਗਿਆਨ ਦਾ ਪ੍ਰਕਾਸ਼ ਹੋ ਜਾਣ ਦੇ ਵੀ ਦੋ ਅਨੁਭਵ ਦੱਸੇ ਹਨ। ਇਕ ਗਿਆਨ ਦੀ ਉਪਜ ਦਾ, 'ਉਪਜਿਓ ਗਿਆਨ ਹੂਆ ਪ੍ਰਗਾਸ॥' ਦੂਸਰਾ ਹੈ ਗਿਆਨ ਦੇ ਹੋ ਜਾਣ ਕਾਰਨ ਕਿਰਮਾਂ ਦੇ ਨਾਸ਼' ਹੋ ਜਾਣ ਦਾ 'ਗਿਆਨ ਭਇਆ ਤਹ ਕਰਮਹ ਨਾਸੁ'।

ਗਿਆਨ ਪ੍ਰਾਪਤੀ ਦਾ ਸਾਧਨ ਉਹਨਾਂ ਸਾਧੂ-ਸੰਤਾਂ ਦੀ ਸੰਗਤ ਦੱਸਿਆ ਹੈ। 'ਸਾਧੂ ਕੀ ਮਨ ਲੇਹ ਓਟ' ਇਸ ਤੋਂ ਅੱਗੇ ਚੱਲ ਕੇ ਨਿਰੰਜਨ ਪ੍ਰਾਪਤੀ ਦਾ ਸਾਧਨ, ਗੁਰੂ ਪਾਰਬ੍ਰਹਮ ਦੀ ਕਿਰਪਾ ਨੂੰ ਮੰਨਿਆ ਹੈ। 'ਗੁਰੂ ਪ੍ਰਸਾਦਿ ਨਿਰੰਜਨ ਪਾਵਉ' ਪ੍ਰੇਮ ਭਾਵਨਾ ਹੀ, ਨਿਰੰਜਨ ਪ੍ਰਾਪਤੀ ਦਾ ਸਾਧਨ ਹੈ, ਜੋ ਸਾਧੂ ਸੰਤਾਂ ਦੀ ਸੰਗਤ ਤੇ ਗੁਰੂ ਕਿਰਪਾ ਤੋਂ ਪ੍ਰਾਪਤ ਹੁੰਦੀ ਹੈ।

'ਸਾਧ ਸੰਗਤਿ ਬਿਨਾ ਭਾਉ ਨਹੀਂ ਉਪਜੈ ਭਾਵ ਬਿਨੁ ਭਗਤਿ ਨਹੀਂ ਹੋਈ ਤੇਰੀ॥'

ਪ੍ਰੇਮ ਭਾਵਨਾ ਦੀ ਭਾਵੇਂ ਕੋਈ ਸ਼ਕਲ ਜਾਂ ਸਰੂਪ ਨਹੀਂ ਹੈ, ਪਰ ਉਸਦੀ ਪਕੜ ਦੁਨਿਆਵੀ ਵਸਤਾਂ ਨਾਲੋਂ ਵੀ ਕਿਤੇ ਜ਼ਿਆਦਾ ਮਜ਼ਬੂਤ ਹੈ। ਪ੍ਰੇਮ ਦੀ ਸੰਗਲੀ ਕਦੀ ਟੁੱਟ ਨਹੀਂ ਸਕਦੀ। ਜੋ ਜਗਿਆਸੂ ਪ੍ਰੇਮ ਬੰਧਨ ਵਿਚ ਬੱਝਿਆ ਹੁੰਦਾ ਹੈ, ਤਾਂ ਉਹ ਅਰੂਪ ਪ੍ਰੀਤਮ ਜਿਸ ਦੀ ਕੋਈ ਸ਼ਕਲ ਨਹੀਂ ਹੁੰਦੀ ਉਹ ਵੀ ਪ੍ਰੇਮ ਬੰਧਨਾਂ ਤੋਂ ਬਚਿਆ ਨਹੀਂ ਰਹਿ ਸਕਦਾ। ਸਤਿਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਪ੍ਰੇਮਾ ਭਗਤੀ ਨੂੰ ਮੁੱਖ ਪਹਿਲ ਦਿੱਤੀ ਹੈ। ਤੀਰਥਾਂ ਤੇ ਜਾਣ ਤੇ ਉਥੇ ਜਾ ਕੇ ਕਰਮ ਕਾਂਡੀ ਕਰਵਾਉਣ ਦੀਆਂ ਵਿਧੀਆਂ ਦੀ ਘੋਰ ਵਿਰੋਧਤਾ ਕੀਤੀ ਹੈ। ਨਿੰਦਕ ਦੀ ਵੀ ਘੋਰ ਵਿਰੋਧਤਾ ਕੀਤੀ ਹੈ ਤੇ ਦੱਸਿਆ ਹੈ ਕਿ ਨਿੰਦਕ ਦੀ ਸਮਾਜ ਵਿਚ ਕਿਤੇ ਵੀ ਕੋਈ ਥਾਂ ਨਹੀਂ ਹੈ:

"ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ।"

ਸਤਿਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਨਾ ਛੋਹਿਆ ਜਾਣ ਵਾਲਾ ਭ੍ਰਿਸ਼ਟ ਪਾਣੀ ਸੁਰਸਰੀ ਵਿਚ ਮਿਲ ਕੇ ਪਵਿੱਤਰ ਹੋ ਜਾਂਦਾ ਹੈ, ਜਿਸ ਤਰ੍ਹਾਂ ਉਹ ਕਾਗਜ਼ ਜਿਸ ਉੱਤੇ ਪ੍ਰਭੂ ਗਤੀ ਲਿਖੀ ਹੁੰਦੀ ਹੈ, ਉਹ ਪੂਜਣਯੋਗ ਬਣ ਜਾਂਦਾ ਹੈ, ਜਿਸ ਮਾਨਵ ਦੇ ਹਿਰਦੇ ਵਿਚ ਪ੍ਰਭੂ ਵਾਸ ਕਰਦਾ ਹੈ, ਉਹ ਮਾਨਵ ਵੀ ਪੂਜਣਯੋਗ ਬਣ ਜਾਂਦਾ ਹੈ। 'ਹਰਿ ਜਪਤ ਤੇਊ ਜਨਾ' ਕਬੀਰ ਬਾਲਮੀਕ ਪੂਜਣਯੋਗ ਮੰਨੇ ਜਾਂਦੇ ਹਨ। ਪ੍ਰਭੂ ਦੇ ਨਾਮ ਦੇ ਕਾਰਨ ਹੀ, 'ਕਬੀਰ ਜੀ ਉਜਾਗਰ ਹੋਏ ਅਤੇ 'ਸਧਨਾ ਸੈਣ ਤੁਰੇ।'

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਪੌਰਾਣਿਕ ਪੰਥੀ ਭਗਤਾਂ ਦਾ ਵੀ ਵਰਣਨ ਹੈ। ਗੌਤਮ ਨਾਰ ਦੀ ਜੀਵਨੀ ਵੱਲ ਵੀ ਇਸ਼ਾਰਾ ਹੈ। ਇਨਸਾਨ ਦੀ ਮਾਇਆ ਪ੍ਰਾਪਤੀ ਵੱਲ ਵਧੀ ਰੁਚੀ, ਸਰੀਰ ਦੀ ਹਉਮੈ ਨੂੰ ਆਪਣੇ ਕਾਬੂ ਵਿਚ ਰੱਖ ਕੇ, ਸਰੀਰਕ ਸ਼ਕਤੀ ਨੂੰ ਸੰਭਾਲ ਕੇ ਵਰਤਣ ਦੀ ਪ੍ਰੇਰਨਾ ਵੀ ਦਿੱਤੀ ਹੈ। 'ਮਾਇਆ ਗਈ ਤਬ ਰੋਵਨੁ ਲਗਤ ਹੈ।' ਆਖਿਰ ਸਰੀਰ ਹੈ ਕੀ? ਇਕ ਪਾਣੀ ਦੀ ਕੱਚੀ ਕੰਧ। 'ਜਲ ਕੀ ਭੀਤਿ ਪਨ ਕਾ ਥੰਭਾ ਰਕਤ ਬੁੰਦ ਕਾ ਗਾਰਾ।' ਇਸ ਲਈ ਹੇ! ਮਾਨੁਸ਼ ਆਪਣੇ ਸਰੀਰ ਦਾ ਗਰਭ ਨਾ ਕਰ ਸਗੋਂ ਇਸ ਸਰੀਰ ਨੂੰ ਮਾਨਵ ਕਲਿਆਣ ਲਈ ਵਰਤ।

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ, ਸਭ ਲੋਕਾਈ ਦੇ ਕਲਿਆਣ ਦੀ ਤੜਪ ਹੈ। ਮਾਨਵਤਾ ਦੇ ਕਲਿਆਣ ਲਈ ਡੂੰਘੀ ਇੱਛਾ ਸ਼ਕਤੀ ਹੈ। ਪ੍ਰਮਾਤਮਾ ਨੂੰ ਸਾਖਿਆਤ ਕਰਨ ਲਈ ਵਿਸਮਾਦੀ ਅਨੁਭਵ ਹੈ। ਕਰਮਸ਼ੀਲਤਾ ਦੀ ਸਿੱਖਿਆ ਹੈ। ਸਮਾਜਿਕ ਦੁਸ਼ਵਾਰੀਆਂ ਅਤੇ ਰੁਕਾਵਟਾਂ ਉੱਤੇ ਯਕੀਨਨ ਵਿਜੇ ਪ੍ਰਾਪਤ ਕਰਨ ਦਾ ਸੰਦੇਸ਼ ਹੈ। ਰਵਿਦਾਸ ਜੀ ਦੀ ਕਲਾਕ੍ਰਿਤ ਵਿਚ ਇਕ ਜਗਿਆਸੂ ਭਗਤ ਲਈ, ਉਹਨਾਂ ਅਮੋਲਕ ਖਜਾਨਿਆਂ ਦੀ ਪੂੰਜੀ ਹੈ, ਜਿਨ੍ਹਾਂ ਦੀ ਕੀਮਤ ਮਾਨਵਤਾ ਦੇ ਦਰ ਤੇ ਕਦੀ ਘਟੇਗੀ ਨਹੀਂ। ਨਿਮਰਤਾ, ਹਲੀਮੀ, ਉਦਾਰਤਾ, ਖਿਮਾ, ਸਹਿਣਸ਼ੀਲਤਾ ਤੇ ਸਾਦਗੀ ਦੇ ਉਹ ਖਿੜੇ ਫੁੱਲ ਹਨ, ਜਿਨ੍ਹਾਂ ਦੀ ਮਹਿਕ ਕਦੇ ਪੁਰਾਣੀ ਨਹੀਂ ਹੋ ਸਕਦੀ। ਰਵਿਦਾਸ ਜੀ ਦੀ ਰਚਨਾ ਵਿਚ ਕਲਾ-ਕੌਸ਼ਲਤਾ, ਭਾਸ਼ਾ ਦੀ ਸੰਜਮਤਾ, ਭਾਵਾਂ ਦੀ ਨਿਰੂਪਣਤਾ ਦੇ ਪ੍ਰਪੱਕ ਉਦਾਹਰਣ ਦੇਖਣੇ ਹੋਣ ਤਾਂ ਨਿਮਨ ਦੋ ਸਤਰਾਂ ਹੀ ਕਾਫੀ ਹਨ, ਜਿਹਨਾਂ ਵਿਚ ਇਕੋ ਸਮੇਂ ਕਈ ਖਿਆਲ ਪਰੋ ਦਿੱਤੇ ਹਨ:

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥

ਕੰਨਾਂ ਦਾ ਰਸ ਹਿਰਨ ਨੂੰ, ਮੱਛੀ ਨੂੰ ਜੀਭ ਦਾ ਰਸ, ਪਤੰਗੇ ਨੂੰ ਅੱਖਾਂ ਦਾ, ਹਾਥੀ ਨੂੰ ਕਾਮ ਦਾ, ਸਾਰਿਆਂ ਲਈ ਇਕ ਇਕ ਵਿਕਾਰੀ ਰਸ, ਜੋ ਵਿਨਾਸ਼ ਦਾ ਕਾਰਨ ਬਣਦਾ ਹੈ, ਜਿਸ ਮਨੁੱਖ ਵਿਚ ਪੰਜ ਵਿਕਾਰੀ ਅਸਾਧ ਰੋਗ ਰਚੇ ਹੋਏ ਹਨ, ਉਸ ਦੇ ਬਚਣ ਦੀ ਕੀ ਆਸ ਹੈ, ਇਸੇ ਖਿਆਲ ਨੂੰ ਹੋਰ ਜਗ੍ਹਾ ਤੇ ਵੀ ਦੁਹਰਾਇਆ ਹੈ। ਇਹ ਪੰਜੇ ਮੈਨੂੰ ਪਲ-ਪਲ ਹਰੀ ਤੋਂ ਦੂਰ ਕਰ ਰਹੇ ਹਨ:-

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥
ਪਲ ਪਲ ਹਰਿ ਜੀ ਤੇ ਅੰਤਰੁ ਪਾਰਿਓ॥

ਸਤਿਗੁਰੂ ਰਵਿਦਾਸ ਜੀ ਬੜੇ ਸਹਿਜ ਸੁਭਾਅ ਅਤੇ ਨਿਮਰਤਾ ਨਾਲ ਆਪਦੇ ਚਮੜਾ ਗੰਢਣ ਵਾਲੇ ਸੰਦਾਂ ਦਾ ਅਧਿਆਤਮਵਾਦੀ ਰੰਗਣ ਵਿਚ ਵਰਣਨ ਕਰਦੇ ਹਨ। ਆਪਣੇ ਕਿੱਤੇ ਦੀ ਅਜਿਹੀ ਅਧਿਆਤਮਕ ਵਿਆਖਿਆ ਵਿਦਵਾਨ ਮਹਾਂਪੁਰਸ਼ ਹੀ ਕਰ ਸਕਦਾ ਹੈ:-

ਚਮਰਟਾ ਗਾਂਠਿ ਨ ਜਨਈ॥ ਲੋਗ ਗਠਾਵੈ ਪਨਹੀ॥
ਆਰ ਨਹੀਂ ਜਿਹ ਤੋਪਉ॥ ਨਹੀਂ ਰਾਂਬੀ ਠਾਉ ਰੋਪਉ॥

ਸਤਿਗੁਰੂ ਰਵਿਦਾਸ ਜੀ ਦੀ ਰਚਨਾ ਵਿਚ ਬੜੀ ਸਰਲਤਾ ਤੇ ਵਿਚਾਰਾਂ ਦੀ ਬੜੀ ਸਪਸ਼ਟਤਾ ਹੈ। ਉਹ ਬੜੇ ਥੋੜ੍ਹੇ ਲਫਜ਼ਾਂ ਵਿਚ ਆਪਣੇ ਵਿਚਾਰ ਪ੍ਰਗਟਾ ਜਾਂਦੇ ਹਨ। ਕਈ ਥਾਂ ਤੇ ਕਮਾਲ ਦੇ ਸੰਜਮ ਭਰੇ ਖਿਆਲ ਹਨ। ਥੋੜ੍ਹੇ ਸ਼ਬਦਾਂ ਵਿਚ ਗਿਆਨ, ਵੈਰਾਗ, ਭਗਤੀ ਤੇ ਨਿਮਰਤਾ ਦੇ ਅਥਾਹ ਭੰਡਾਰ ਭਰੇ ਪਏ ਹਨ:

ਪੜੀਐ ਗੁਣੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ॥
ਲੋਹਾ ਕੰਚਨੁ ਹਿਰਨ ਹੋਏ ਕੈਸੇ ਜੰਤੁ ਪਰਸਹਿ ਨ ਪਰਸੈ॥

ਪੜ੍ਹਨ ਸੁਣਨ ਨਾਲ ਕੁਝ ਨਹੀਂ ਹੁੰਦਾ, ਜੋ ਪਾਰਸ ਵਾਂਗ ਲੋਹੇ ਤੋਂ ਸੋਨਾ ਬਣਾ ਦੇਣ ਦੀ ਪਰਸਣ ਵਾਲੀ ਛੋਹ ਕਰਦੀ ਹੈ। ਇਸ ਤਰ੍ਹਾਂ ਦੀਆਂ ਹੋਰ ਉਦਾਹਰਣਾਂ ਦੇਖਿਆਂ ਸ੍ਰੀ ਰਵਿਦਾਸ ਜੀ ਦਾ ਗਿਆਨ ਪ੍ਰਪੱਕਤਾ ਦੀ ਅਵਸਥਾ ਦੀ ਸਾਹਦੀ ਦਿੰਦੀ ਹੈ:-

ਗਿਆਨੈ ਕਾਰਨ ਕਰਮ ਅਭਿਆਸੁ॥
ਗਿਆਨ ਭਇਆ ਤਹ ਕਰਮਹ ਨਾਸੁ॥

ਜਿਸ ਸਮੇਂ ਵਿਚ ਸਤਿਗੁਰੂ ਰਵਿਦਾਸ ਜੀ ਦਾ ਜਨਮ ਹੋਇਆ, ਉਸ ਸਮੇਂ ਨੂੰ ਭਾਰਤ ਦੇ ਇਤਿਹਾਸ ਵਿਚ ਮੱਧ-ਯੁੱਗ ਦਾ ਸਮਾਂ ਕਹਿੰਦੇ ਹਨ। ਇਸ ਮੱਧ-ਯੁੱਗ ਵਿਚ ਤੇ ਇਸ ਤੋਂ ਵੀ ਘਟੀਆ ਸਮਝਿਆ ਜਾਂਦਾ ਸੀ। ਇਹਨਾਂ ਜਾਤੀਆਂ ਵਿਚੋਂ ਕਿਸੇ ਨੂੰ ਵੀ ਸ਼ਾਸਤਰੀ ਗਿਆਨ ਜਾਂ ਸ਼ਸਤ੍ਰੀ ਗਿਆਨ ਪ੍ਰਾਪਤ ਕਰਨ ਦੀ ਸਜ਼ਾ ਮੌਤ ਦਿੱਤੀ ਜਾਂਦੀ ਸੀ। ਪ੍ਰਭੂ ਭਗਤੀ ਕਰਨੀ ਵੀ ਇਹਨਾਂ ਵਰਗਾਂ ਲਈ ਵੰਚਿਤ ਸੀ। ਪਤਾ ਲੱਗਣ ਤੇ ਪ੍ਰਭੂ ਭਗਤੀ ਦੀ ਸਜ਼ਾ ਸ੍ਰੀ ਰਾਮ ਚੰਦਰ ਜੀ ਵਰਗੇ ਨਿਆਸ਼ੀਲ ਅਵਤਾਰ ਵੀ ਉੱਚ ਜਾਤੀਆਂ ਵਾਲੀ ਮਰਿਆਦਾ ਪਾਲਣ ਤੋਂ ਪਿੱਛੇ ਨਹੀਂ ਹਟਦੇ ਸਨ, ਜਿਸ ਦਾ ਪ੍ਰਮਾਣ ਅਛੂਤ (ਸ਼ੰਬੂਕ) ਵੱਧ ਹੈ। ਉਸ ਸਮੇਂ ਦੇਸ਼ ਦੀ ਰਾਜਨੀਤਿਕ, ਸਮਾਜਿਕ, ਆਰਥਿਕ ਤੇ ਧਾਰਮਿਕ ਹਾਲਤ ਬਹੁਤ ਬੁਰੀ ਸੀ। ਇਸ ਬੁਰੀ ਹਾਲਤ ਦਾ ਲੋਕਾਂ ਤੇ ਕੋਈ ਚੰਗਾ ਪ੍ਰਭਾਵ ਨਹੀਂ ਸੀ। ਸਭਨਾਂ ਕਿਸਮਾਂ ਦੀ ਮੰਦੀ ਦਸ਼ਾ ਦੀਆਂ ਜੜ੍ਹਾਂ, ਸਮਾਜਿਕ ਵਰਣ-ਵੰਡ ਦੀ ਜਟਿਲ ਅਵਸਥਾ ਵਿਚ ਸਨ। ਸਭ ਭਾਈਚਾਰਿਆਂ ਵਿਚ ਆਪਸੀ ਸਾਂਝ ਦੀ ਅਣਹੋਂਦ ਸੀ। ਜੇਕਰ ਇਕ ਵਰਗ ਨੂੰ ਕੋਈ ਮੁਸੀਬਤ ਪੈਂਦੀ ਤਾਂ ਦੂਸਰਾ ਵਰਗ ਉਸ ਦੀ ਮਦਦ ਲਈ ਮੈਦਾਨ ਵਿਚ ਨਾ ਆਉਂਦਾ, ਸਗੋਂ ਦੂਰ ਖੜ੍ਹੇ ਹੋ ਕੇ ਉਸ ਦਾ ਤਮਾਸ਼ਾ ਦੇਖਦਾ। ਮਾਨਵਤਾ ਦੀ ਕੋਈ ਸਾਂਝ ਨਹੀਂ ਸੀ। ਅਛੂਤ ਜਾਤੀਆਂ ਦਾ ਕੋਈ ਸਹਾਈ ਨਹੀਂ ਸੀ। ਹਵਾ ਤੱਕ ਦੇ ਛੋਹ ਕੇ ਆਉਂਦੇ ਬੁੱਲ੍ਹੇ ਵੀ ਕੁਲੀਨ ਜਾਤੀਆਂ ਨੂੰ ਭਿੱਟ ਚਾੜ੍ਹ ਜਾਂਦੇ ਸਨ। ਅਛੂਤ ਲੋਕਾਂ ਨੂੰ ਆਪਣੀ ਪਿੱਠ ਨਾਲ ਦਰਖਤ ਦੇ ਛਾਪੇ ਜਾਂ ਕੋਈ ਅਜਿਹੀ ਚੀਜ਼ ਬੰਨ੍ਹਣੀ ਪੈਂਦੀ ਸੀ ਜੋ ਰਸਤਿਆਂ ਤੇ ਚਲਦੇ ਸਮੇਂ ਉਹਨਾਂ ਦੇ ਪੈਰਾਂ ਦੇ ਨਿਸ਼ਾਨ ਮਿਟਾ ਦੇਵੇ, ਮਤਾ ਇਹ ਅਛੂਤਾਂ ਦੇ ਪਦ-ਚਿੰਨ੍ਹ ਕੁਲੀਨ ਸ਼੍ਰੇਣੀਆਂ ਨੂੰ ਭਿੱਟ ਨਾ ਚਾੜ੍ਹ ਦੇਣ।

ਵਰਣਾਂ ਦੀਆਂ ਜੜ੍ਹਾਂ ਵੇਦਾਂ ਵਿਚ ਹਨ। ਰਿਗਵੇਦ ਦੇ ਪੁਰਸ਼ ਸੁਕਤ ਦੇ ਇਕ ਮੰਤਰ ਭਾਵ ਇਸ ਤਰ੍ਹਾਂ ਹੈ:- ਬ੍ਰਾਹਮਣ ਪ੍ਰਭੂ ਦਾ ਮੂੰਹ ਹੈ, ਕਸ਼ਤਰੀ ਉਸ ਦੀਆਂ ਬਾਹਵਾਂ, ਜੋ ਵੈਸ਼ ਹਨ ਉਹ ਈਸ਼ਵਰ ਦਾ ਪੇਟ ਹਨ ਅਤੇ ਸ਼ੂਦਰ ਈਸ਼ਵਰ ਦੇ ਪੈਰਾਂ 'ਚੋਂ ਪੈਦਾ ਹੁੰਦੇ ਹਨ। ਮੰਨੂੰ ਸਿਮਰਤੀ ਕਹਿੰਦੀ ਹੈ: ਪ੍ਰਮਾਤਮਾ ਨੇ ਸ਼ੂਦਰਾਂ ਨੂੰ ਕੇਵਲ ਇਕੋ ਕੰਮ ਸੌਂਪਿਆ ਹੈ ਕਿ ਉਹ ਤਿੰਨਾਂ ਵਰਣਾਂ (ਬ੍ਰਾਹਮਣ, ਖੱਤਰੀ ਤੇ ਵੈਸ਼) ਦੀ ਤਨ, ਮਨ ਨਾਲ ਸੇਵਾ ਕਰਨ।

ਸਾਡੇ ਧਾਰਮਿਕ ਗ੍ਰੰਥ, ਧਰਮ ਸ਼ਾਸਤਰ ਵੀ ਅਛੂਤਾਂ ਨਾਲ ਦੁਰਵਿਵਹਾਰ ਦਾ ਹੀ ਸੰਦੇਸ਼ ਦਿੰਦੇ ਸਨ ਕਿ ਅਛੂਤ ਭ੍ਰਸ਼ਟ ਤੇ ਨਖਿਧ ਹਨ। ਇਹਨਾਂ ਨੂੰ ਲਤਾੜ ਕੇ ਥਾਂ ਸਿਰ ਰੱਖਣਾ, ਨੀਚ ਸਮਝ ਕੇ ਧਿਰਕਾਰਨ ਦਾ ਅਧਿਕਾਰ ਸ਼ੁਭ ਕਰਮ ਜਾਣਿਆ ਜਾਂਦਾ ਸੀ। ਇਸ ਮਾਨਤਾ ਨੂੰ ਤੋੜਨਾ ਬਹੁਤ ਹੀ ਅਸੰਭਵ ਜਾਪਦਾ ਸੀ। ਅਜਿਹੇ ਘੋਰ ਅੰਨ੍ਹਿਆ ਕਾਰੀ ਸਮਾਜ ਦੀ, ਸੋਚਾਂ ਅਤੇ ਵਿਚਾਰਾਂ ਦੀ ਦੁਨੀਆਂ ਵਿਚ ਪ੍ਰਭੂ ਭਗਤੀ ਕਰਨਾ ਹੀ ਇਕ ਸਮਾਜਿਕ ਇਨਕਲਾਬ ਲਿਆਉਣਾ ਸੀ। ਇਸ ਤਰ੍ਹਾਂ ਪ੍ਰਭੂ ਭਗਤੀ ਦਾ ਸਾਹਸ ਪੈਦਾ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਇਹਨਾਂ ਜਾਤੀਆਂ ਵਿਚ ਇਕ 'ਧਾਰਮਿਕ ਸਾਧਕ' ਦਾ ਸਭ ਤੋਂ ਲਤਾੜੀ ਤੇ ਪੱਛੜੀ ਜਾਤੀ ਵਿਚੋਂ ਉਠ ਕੇ ਸ਼ੋਹਰਤ ਦੀਆਂ ਬੁਲੰਦੀਆਂ ਤੇ ਪਹੁੰਚਣਾ ਕੋਈ ਸਧਾਰਨ ਗੱਲ ਨਹੀਂ ਸੀ। ਫਿਰ ਉਸ ਨੂੰ ਗੁਰੂ ਸਾਹਿਬਾਨ ਦਾ ਨਿਵਾਜਣਾ ਤੇ ਉਹਨਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨਾ ਇਕ ਮਹਾਨ ਕਾਰਜ ਸੀ। ਇਸ ਤਰ੍ਹਾਂ ਦੇ ਹਾਲਾਤ ਵਿਚ ਸੰਤ ਰਵਿਦਾਸ ਜੀ ਦਾ ਭਗਤੀ ਦੇ ਕਾਰਜ ਵਿਚ ਜੁਟ ਜਾਣਾ ਇਕ ਬਹੁਤ ਵੱਡਾ ਕਰਮ ਹੈ। ਇਹ ਸਭ ਕੁਝ ਉਹਨਾਂ ਨੇ ਕਰ ਦਿਖਾਇਆ। ਸਮਾਜਿਕ ਮਾਨਤਾ ਦੇ ਸਾਰੇ ਸਹਿਮਾਂ ਦੀ ਭੂਮੀ ਤੋੜ ਕੇ ਨਵੀਂ ਸਥਾਪਨਾ ਦੇ ਸਿੰਘਾਸਨ ਉੱਤੇ ਸਤਿਗੁਰੂ ਰਵਿਦਾਸ ਜੀ ਦਾ ਬੈਠਣਾ ਇਕ ਦਿਲਚਸਪ ਘਟਨਾ ਹੈ। ਅਛੂਤ ਜਾਤੀ ਦੇ ਇਸ ਪ੍ਰਭੂ ਭਗਤ ਦੇ ਦਰ 'ਤੇ ਉੱਚ ਕੁਲੀਨ ਵਰਗ ਦੇ ਮਹਾਨ ਸਪੂਤ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆ ਵਰਾਜਣਾ, ਇਕ ਚਮਤਕਾਰੀ ਵਰਤਾਰਾ ਹੈ। ਜਿਸ ਮਹਾਨ ਆਤਮਾ ਦੀ ਜਗਤ ਨੂੰ ਛੋਹ ਪਾਰਸ ਵਾਂਗ ਸੋਨਾ ਬਣਾਉਂਦੀ ਸੀ, ਜਿਸ ਰਵਿਦਾਸ ਦੀ ਛੋਹ ਤੋਂ ਭਿੱਟ ਚੜ੍ਹਦੀ ਸੀ, ਜਦੋਂ ਉਸ ਦੀ ਝੁੱਗੀ ਦੇ ਪਾਸ ਆਹਟ ਹੋਈ, ਰਵਿਦਾਸ ਜੀ ਦੇ ਬਾਗ-ਬਾਗ ਹੋ ਗਏ, ਹਿਰਦੇ ਵਿਚੋਂ ਸ਼ੁਕਰਾਨੇ ਦੀ ਭਾਵਨਾ ਜਾਗ ਉਠੀ, ਰਵਿਦਾਸ ਜੀ ਦੇ ਮਨ ਦੇ ਭਾਵ ਸ਼ਬਦ ਬਣ ਗਏ। ਸ਼ਬਦਾਂ ਦੀ ਧੁਨੀ ਨੇ ਬਾਣੀ ਦਾ ਰੂਪ ਧਾਰਨ ਕਰ ਲਿਆ:-

ਐਸੀ ਲਾਲ ਤੁਝ ਬਿਨੁ ਕਉਨੁ ਕਰੈ।
ਗਰੀਬ ਨਿਵਾਜ ਗੁਸਾਈਆ ਮੇਰਾ ਮਾਥੈ ਛਤ੍ਰ ਧਰੈ॥


ਜਦੋਂ-ਜਦੋਂ ਵੀ ਰਵਿਦਾਸ ਜੀ ਉਸ ਪਾਰਬ੍ਰਹਮ ਗੁਰੂ ਦੇ ਸ਼ੁਕਰਾਨੇ ਵਿਚ ਆਉਂਦੇ ਸਨ ਤਾਂ ਇਹ ਸ਼ਬਦ ਗਾਉਂਦੇ ਸਨ। ਸਤਿਗੁਰੂ ਰਵਿਦਾਸ ਜੀ ਦੀ ਪ੍ਰਭੂ ਭਗਤੀ ਤੇ ਜੀਵਨ ਘਾਲਣਾ ਦਾ ਫਲ ਨਿਕਲਿਆ ਤਾਂ ਉਸ ਪਾਰਬ੍ਰਹਮ ਗੁਰੂ ਦੀ ਕਿਰਪਾ ਨਾਲ ਨਿਰੰਜਨ ਦੀ ਪ੍ਰਾਪਤੀ ਹੋਈ। ਉਸ ਪ੍ਰਾਪਤੀ ਦਾ ਪ੍ਰਗਟਾ ਹੋਇਆ, ਗਿਆਨ ਦਾ ਪ੍ਰਗਾਸ ਹੋਇਆ ਤੇ ਆਤਮਾ ਤ੍ਰਿਪਤ ਹੋਈ:-

ਗੁਰ ਪਰਸਾਦਿ ਨਿਰੰਜਨ ਪਾਵਉ॥
ਉਪਜਿਓ ਗਿਆਨ ਹੂਆ ਪਰਗਾਸ॥
ਜਬ ਹਮ ਹੋਤੇ ਤਬ ਤੂੰ ਨਾਹੀ ਅਬ ਤੂਹੀ ਮੈਂ ਨਾਹੀ॥
ਅਨਲ ਅਗਮ ਜੈਸੇ ਲਹਿਰ ਮਇ ਉਦਧਿ ਜਲ ਕੇਵਲ ਜਲ ਮਾਂਹੀ"
ਤੋਹੀ ਮੋਹੀ, ਮੋਹੀ ਤੋਹੀ ਅੰਤਰ ਕੈਸਾ, ਕਨਕ ਕਟਿਕ ਜਲ ਤਰੰਗ ਜੈਸਾ॥

ਮੇਰੀ ਜਾਤੀ ਦਾ ਕੰਮ ਮਰੇ ਹੋਏ ਪਸ਼ੂ ਢੋਣਾ ਹੈ। ਪਰ ਪ੍ਰਭੂ ਭਗਤੀ ਦੀ ਤਾਕਤ ਨਾਲ ਇਸ ਚਮਾਰ ਦੇ ਤਨ ਨੂੰ ਦੇਖੋ, ਕੁਲੀਨ ਬ੍ਰਾਹਮਣ ਵੀ ਨਮਸਕਾਰ ਕਰਦੇ ਹਨ। ਇਸ ਤਰ੍ਹਾਂ ਸਤਿਗੁਰੂ ਰਵਿਦਾਸ ਜੀ ਨੇ ਆਪਣੀ ਜਾਤੀ ਬਾਰੇ ਨੰਗਾ ਸੱਚ ਕਹਿ ਕੇ ਸਾਰੀ ਜਾਤੀ ਨਾਲ ਸਦੀਆਂ ਤੋਂ ਚਿੰਬੜਿਆ ਹੋਇਆ ਪਛੜਵਾਂ, ਕੁੰਜ ਵਾਂਗ ਲਾਹ ਕੇ ਪਿੱਛੇ ਸੁੱਟ ਦਿੱਤਾ। ਇਸ ਤਰ੍ਹਾਂ ਚਮਾਰ ਜਾਤੀ 'ਰਵਿਦਾਸੀਆ' ਬਣ ਗਈ। ਸਦੀਆਂ ਦੀ ਹੀਣਤਾ ਦੀ ਭਾਵਨਾ ਇਕ ਹਸਤੀ ਨੇ ਆਪਣੀ ਸਾਧਨਾ ਨਾਲ ਲਾਹ ਸੁੱਟੀ। ਜਾਤੀ ਦੇ ਕਰਤਵ ਪ੍ਰਤੀ ਹੀਣ ਭਾਵਨਾ ਪੈਦਾ ਕਰਨ ਵਾਲੇ ਅਨਾਦਰੀ ਵਰਤਾਓ- 'ਦਾਰਿਦ ਦੇਖ ਸਭ ਕਉ ਹਸੈ' ਦੇ ਬੋਲਾਂ ਤੇ ਘਿਰਣਾ ਭਰੀਆਂ ਤੱਕਣੀਆਂ ਦੇ ਉਲਟ ਸਤਿਕਾਰ ਪੈਦਾ ਕਰ ਦਿੱਤਾ। 'ਆਚਾਰ ਸਹਿਤ ਬਿਪ ਡੰਡਉਤਿ' ਕਰਨ ਲੱਗੇ। ਇਹ ਵੱਡਾ ਸਮਾਜਿਕ ਪਲਟਾ ਦੁਨੀਆਂ ਦੇ ਲੋਕਾਂ ਨੇ, ਜਾਤ ਅਭਿਮਾਨੀ ਪੰਡਿਆਂ ਦੇ ਗੜ੍ਹ, ਵਰਨਾਂ ਆਸ਼ਰਮਾਂ ਤੇ ਕਰਮ ਕਾਂਡਾਂ ਦੀ ਕੰਡਿਆਲੀਆਂ ਵਾੜਾਂ ਵਿਚ, ਵੇੜ੍ਹੇ, ਨਗਰ, ਬਨਾਰਸ ਵਿਚ ਵਰਤੀਦਾ ਦੇਖਿਆ, ਦੁਨੀਆਂ ਨੇ ਰਵਿਦਾਸ ਜੀ ਦਾ ਜੱਸ ਕੰਨੀ ਸੁਣਿਆ। ਉਹਨਾਂ ਦੱਸਿਆ ਪ੍ਰੇਮਾ ਭਗਤੀ ਦੇ ਅੰਮ੍ਰਿਤ ਰਸ ਚੱਖਣ ਦਾ ਹੱਕ ਕਿਸੇ ਵਿਸ਼ੇਸ਼ ਜਾਤੀ ਜਾਂ ਵਰਗ ਦਾ ਨਹੀਂ, ਜਗਿਆਸੂ ਭਾਵੇਂ ਕਿਸੇ ਜਾਤ ਵਿਚੋਂ ਹੋਵੇ, ਉਸ ਅੰਦਰ ਰੂਹਾਨੀ ਚੇਤਨਾ ਜਾਗੀ ਹੋਵੇ, ਸਾਧਨਾ ਕਰਕੇ ਹਰ ਜਾਤੀ ਦਾ ਮਨੁੱਖ ਅਤੇ ਜਾਤੀ, ਉੱਚੇ ਤੋਂ ਉੱਚੇ ਸਨਮਾਨ ਵਾਲੀ ਪਦਵੀ ਉੱਤੇ ਪੁੱਜ ਸਕਦਾ ਹੈ:

ਜਿਹ ਕੁਲ ਸਾਧ ਬੈਸਨੌ ਹੋਇ॥
ਬਰਨ ਅਬਰਨ ਰੰਕ ਨਹੀਂ ਈਸੁਰ ਬਿਮਲ ਬਾਸੁ ਜਾਨੀਐ ਜਗਿ ਸੋਇ॥
ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥
ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ॥
ਜਿਨਿ ਪੀਆ ਸਾਰ ਰਸ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ॥
ਪੰਡਿਤ ਸੂਦ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ॥

(ਬਾਕੀ ਸਫਾ 23 ਤੇ)




ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥
ਨਾ ਤਸਵੀਸ ਖਿਰਾਜ ਨਾ ਮਾਲੁ॥ ਖਉਫ਼ ਨ ਖਤਾ ਨ ਤਰਸੁ ਜਵਾਲੁ॥

ਦਾਸ ਆਪਣੇ ਅਤੇ ਪਰਿਵਾਰ ਵੱਲੋਂ ਸਭ ਤੋਂ ਪਹਿਲਾਂ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੂੰ 638ਵੇਂ ਪ੍ਰਕਾਸ਼ ਦਿਹਾੜੇ ਤੇ ਸਤਿਗੁਰੂ ਰਵਿਦਾਸ ਜੀ ਨੂੰ ਵਧਾਈ ਦਿੰਦਾ ਹੈ, ਇਸ ਉਪਰੰਤ ਸਮੂਹ ਸਾਧ ਸੰਗਤ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਨੂੰ 638 ਵੇਂ ਗੁਰਪੁਰਬ ਤੇ ਵਿਸ਼ਾਲ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

# ਸੁੱਖ ਰਾਮ ਚੰਦੜ (ਤਾਜਪੁਰੀ) ਅਤੇ ਸਮੂਹ ਪਰਿਵਾਰ





ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥
ਨਾ ਤਸਵੀਸ ਖਿਰਾਜ ਨਾ ਮਾਲੁ॥ ਖਉਫ਼ ਨ ਖਤਾ ਨ ਤਰਸੁ ਜਵਾਲੁ॥

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

# ਵਿਨੋਦ ਕੁਮਾਰ ਚੁੰਬਰ

## ਵਾਈਸ ਚੇਅਰਮੈਨ

## 510-219-5672

**Shri Guru Ravidass Sabha (Bay Area) California (USA)**



ਵਿਨੋਦ ਕੁਮਾਰ ਚੁੰਬਰ ਆਪਣੇ ਭਰਾਵਾਂ ਨਾਲ

ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

# Surinder Pal Chauhan & Family




ਐਸੀ ਲਾਲ ਤੁਝ ਬਿਨੁ ਕਉਨੁ ਕਰੈ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।




# Som Nath Bhatia

**Vice President**
**Shri Guru Ravidass Sabha**
**Pittsburg (California)**

# Vinod Kumar Jakhu

**(Samaj Sewak)**
**with their families**




ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

# Amardeep Chahal
# Promila Chahal

ਸਮੂਹ ਸ੍ਰੀ ਬਿਹਾਰੀ ਲਾਲ ਚਾਹਲ ਪਰਿਵਾਰ


Amardeep Chahal with his wife Promila Chahal

ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



# Ajit Ram Bangar
# & his son
# Ramesh Bangar

ਐਸੀ ਲਾਲ ਤੁਝ ਬਿਨ ਕਉਨੁ ਕਰੈ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥ ਰਹਾਉ॥

## ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।





ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

# ਸੁਰਿੰਦਰ ਮੱਲ ਅਤੇ ਸਮੂਹ ਪਰਿਵਾਰ


**Raja SWEETS & CATERING**

AUTHORIZED CATERER FOR MAJOR 5-STAR HOTELS











*Raja Items Serving*

- ALL KINDS OF SWEETS
- SNACKS
- CHAAT STALL
- NORTH INDIAN CUISINE
- FLUDA KULFI STALL
- ON SITE TANDOOR

*Raja Catering Service*

- WEDDING CEREMONIES
- RECEPTIONS
- BIRTHADAY PARTIES
- RELIGIOUS GATHERINGS
- CORPORATE EVENTS
- PICNICS / BAR-B-QUE

*Raja Additional Service*

- WARMERS
- CHAFFING DISHES
- CHINA & SILVERWARE
- LINEN RENTAL
- WAITERS
- BARTENDERS

*Contact us*

Raja Sweets & Catering

Work (510)489-9100 • Cell (510)715-1619

msbains@rajasweets.com • www.rajasweets.com

www.facebook.com/rajasweetsandcatering

www.twitter.com/RAJASWEETS



**Kash FABRICS**

**ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ**

**ਸਾਡੀ ਸਪੈਸ਼ਲਟੀ**

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL
BOUTIQUE
JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**KASH FABRICS**

ONE STOP SHOPPING CENTER

29576 Mission Blvd, Hayward, CA 94544

Visit us on the Web at www.kashfabrics.com

**Phone: 510-538-1138**

ਨਾ ਤਸਵੀਸ ਖਿਰਾਜੁ ਨਾ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ




ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



# ਅਮਰੀਕ ਸਿੰਘ ਪਰਹਾਰ

## ਪ੍ਰਧਾਨ

## ਪੰਜਾਬੀ ਵਿਰਸਾ ਸੁਸਾਇਟੀ ਸੈਕਰਾਮੈਂਟੋ (ਕੈਲੀਫੋਰਨੀਆ)



ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।


ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



# ਸ. ਪ੍ਰੀਤਮ ਸਿੰਘ ਗਰੇਵਾਲ

## ਅਤੇ

# ਸਮੂਹ ਗਰੇਵਾਲ ਪਰਿਵਾਰ




ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।




# ਹੰਸ ਰਾਜ ਕਾਜਲਾ

## ਸਮੂਹ ਕਾਜਲਾ ਪਰਿਵਾਰ

ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।






**Dr. Manish Bolina MD**
**Dr. Shah MD**

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

# Kewal Bolina

## Ex President

Shri Guru Ravidass Sabha
Sacramento (California)



ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

## ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।




# Inderjit Padwagga

# Raj Badhan

# ਸਮੂਹ ਪਰਿਵਾਰ

ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥




## ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



# ਸਮੂਹ ਮੋਮੀ ਪਰਿਵਾਰ

# Rajinder Momi



ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



ਅਮਰੀਕ ਚੰਦ (ਸੀ ਪੀ ਏ)



ਰਾਮ ਮੂਰਤੀ ਸਰੋਏ



ਬਲਬੀਰ ਸ਼ੀਮਾਰ



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

SFR San Felipe Realty

**Jaswant S. Sheemar (Jassi)**
REALTOR®
*DRE #01846330* *Residential/Commercial*

SAN FELIPE
REALTY & MORTGAGE, INC.
10956 Hayeshill Way
Mather, CA 95655

*"The greatest compliment I can receive is your referral."*

Cell 916-293-6030
Office 916-635-8882
Fax 916-635-8883
jaswantsheemar@yahoo.com



# ਬਾਬਾ ਸੋਹਣ ਸਿੰਘ ਭਕਨਾ
## (4 ਜਨਵਰੀ 1870 ਤੋਂ 20 ਦਸੰਬਰ 1968)



ਗਦਰ ਪਾਰਟੀ ਦੇ ਮੁਖੀ ਅਤੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਜਿਹਨਾਂ ਨੇ ਸੈਂਕੜੇ ਯੋਧਿਆਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਬੀਜ ਬੀਜਿਆ ਅਤੇ ਇਸ ਨੂੰ ਅੱਗੇ ਵਧਾਇਆ। ਬਾਬਾ ਸੋਹਣ ਸਿੰਘ ਭਕਨਾ ਦਾ ਨੌਜਵਾਨਾਂ ਨੂੰ ਸੰਦੇਸ਼ ਪ੍ਰੋਫੈਸਰ ਮਾਲਵਿੰਦਰ ਸਿੰਘ ਦੁਆਰਾ ਭੇਜੀ ਪੁਸਤਕ ਹਾਲ ਹੀ ਵਿਚ ਮੈਨੂੰ ਮਿਲੀ। ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸੰਘਰਸ਼ ਭਰਿਆ ਅਤੇ ਆਮ ਸਧਾਰਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਨੇ ਬਚਪਨ ਤੋਂ ਅਖੀਰ ਤੱਕ ਜੂਝਣ ਦਾ ਤਜਰਬਾ ਹੀ ਹਾਸਲ ਕੀਤਾ। ਬਚਪਨ ਤੋਂ ਅਖੀਰ ਤਕ ਜੂਝਣ ਦਾ ਤਜਰਬਾ ਹੀ ਹਾਸਿਲ ਕੀਤਾ। ਚੜ੍ਹਦੀ ਜਵਾਨੀ ਵੇਲੇ ਹੀ ਓਹ ਮੁਹਾਵੇ ਵਾਲੇ ਨਾਮਧਾਰੀ ਇਨਕਲਾਬੀ ਬਾਬਾ ਕੇਸਰ ਹੁਰਾਂ ਦੀ ਸੰਗਤ ਸਦਕਾ ਹੀ ਏਧਰ ਤੁਰੇ ਅਤੇ ਫਿਰ ਅਮਰੀਕਾ ਸੀ ਜਾਂ ਹਿੰਦੁਸਤਾਨ ਓਹਨਾਂ ਨੇ ਪਿਛੇ ਮੁੜ ਕੇ ਨਾ ਵੇਖਿਆ। 1914 ਵਿਚ **'ਕਾਮਾ ਗਾਟਾ ਮਾਰੂ'** ਜਹਾਜ਼ ਭਾਰਤ ਮੁੜਣ ਦੌਰਾਨ ਬਾਬਾ ਭਕਨਾ ਦੀ ਅਗਵਾਈ ਹੇਠ ਪਹੁੰਚੇ ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੋਰ ਸਾਥੀਆਂ ਨਾਲ ਓਹਨਾਂ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿਚ ਉਮਰ-ਕੈਦ ਵਿਚ ਵਟ ਗਈ ਅਤੇ ਓਹ ਕਾਲੇਪਾਣਿਆਂ ਦੀ



ਨਰਕੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ । ਅਗੋਂ ਜੋ ਓਹਨਾਂ ਅਤੇ ਓਹਨਾਂ ਦੇ ਸਾਥੀਆਂ ਤੇ ਬਣੀਆਂ ਓਹ ਹੁਣ ਇਤਿਹਾਸ ਹੈ, ਜੋ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਹੁਰਾਂ ਵਲੋਂ ਬਾਬਾ ਜੀ ਬਾਰੇ ਸੰਪਾਦਿਤ ਪੁਸਤਕ "ਜੀਵਨ ਸੰਗਰਾਮ" ਵਿਚੋਂ ਲੜੀਵਾਰ ਲੇਖ **ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ'** ਵਿਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ!

**– ਪਸ਼ੌਰਾ ਸਿੰਘ ਢਿੱਲੋਂ (1-559-708-4399)**

**(ਤੀਜੀ ਕਿਸ਼ਤ)**

### ਲੱਕੜੀ ਦੇ ਕਾਰਖਾਨੇ ਵਿਚ ਕੰਮ

ਅਗਲੇ ਦਿਨ ਅਸੀਂ ਦੋਵੇਂ ਸਿਆਟਲ ਤੋਂ ਉਰੇਗਨ ਸਟੇਟ ਪੋਰਟਲੈਂਡ ਵੱਲ ਤੁਰ ਪਏ। ਕਿਉਂਕਿ ਪੋਰਟਲੈਂਡ ਤੋਂ ਤਿੰਨ ਮੀਲ ਦੂਰ ਕੋਲੰਬੀਆ ਦਰਿਆ ਦੇ ਕੰਢੇ ਇਕ ਲੱਕੜੀ ਦੀ ਨਵੀਂ ਮਿੱਲ ਬਣਦੀ ਸੀ, ਜਿਸ ਦਾ ਨਾਂ ਮਨਾਰਕ ਮਿੱਲ ਸੀ। ਮੇਰੇ ਦੋਸਤ ਉਸੇ ਵਿਚ ਕੰਮ ਕਰਦੇ ਸਨ। ਕੰਮ ਬੜਾ ਸਖਤ ਸੀ। ਮਜ਼ਦੂਰੀ ਦੋ ਢਾਈ ਡਾਲਰ ਮਿਲਦੀ ਸੀ। ਕੋਈ 200 ਦੇ ਕਰੀਬ ਪੰਜਾਬੀ ਇੱਥੇ ਕੰਮ ਕਰਦੇ ਸਨ।

ਅਗਲੇ ਦਿਨ ਮੈਨੂੰ ਕੰਮ ਮਿਲ ਗਿਆ। ਰੇਹੜੀ ਰਾਹੀਂ ਪੱਥਰੀ ਸੀਮਿੰਟ ਨਾਲ ਰਲੀ ਹੋਈ ਰੇਤ ਛੱਤ ਉਪਰ ਧਿੱਕ ਕੇ ਚੜ੍ਹਾਉਣ ਦਾ ਕੰਮ ਸੀ, ਕਿਉਂਕਿ ਨਵੀਂ ਛੱਤ ਬਣ ਰਹੀ ਸੀ। ਮੇਰਾ ਹਰਾਮਖੋਰ ਸਰੀਰ ਮੁਸ਼ਕਿਲ ਨਾਲ ਬਾਰਾਂ ਵਜੇ ਤੱਕ ਕੰਮ ਕਰ ਸਕਿਆ। ਜਦ 12 ਵਜੇ ਰੋਟੀ ਦੀ ਛੁੱਟੀ ਹੋਈ ਤਾਂ ਮੈਂ ਬਹੁਤ ਥੱਕ ਚੁੱਕਿਆ ਸਾਂ। ਮੇਰੇ ਦੋਸਤ ਨੇ ਮਿੱਲ ਸੁਪਰਡੈਂਟ ਨਾਲ ਗੱਲ ਕਰਕੇ 1 ਹਫਤੇ ਲਈ ਅੱਧਾ ਦਿਨ ਕੰਮ ਕਰਨ ਦੀ ਮਨਜ਼ੂਰੀ ਲੈ ਦਿੱਤੀ। ਹਫਤੇ ਵਿਚ ਮੈਂ ਕੰਮ ਕਰਨ ਦਾ ਕੁਝ ਆਦੀ ਹੋ ਗਿਆ ਤੇ ਦਸ ਘੰਟੇ ਪੂਰੇ ਕਰਨ ਲੱਗਾ। ਇਕ ਮਹੀਨੇ ਪਿੱਛੋਂ ਥਕਾਵਟ ਨੇ ਮੇਰਾ ਪਿੱਛਾ ਛੱਡ ਦਿੱਤਾ ਤੇ ਦਸ ਘੰਟੇ ਤੋਂ ਇਲਾਵਾ ਦੋ ਘੰਟੇ ਓਵਰ ਟਾਈਮ ਵੀ ਲਾਉਣ ਲੱਗ ਪਿਆ। ਇਸ ਤਰ੍ਹਾਂ ਅਮਰੀਕਾ ਦੀ ਮਿਹਨਤਕਸ਼ ਜ਼ਿੰਦਗੀ ਨੇ ਮੇਰੀ ਹਰਾਮਖੋਰ ਜ਼ਿੰਦਗੀ ਦਾ ਖਾਤਮਾ ਕਰ ਦਿੱਤਾ।

ਜਦ ਮੈਂ ਅਪ੍ਰੈਲ 1909 ਵਿਚ ਅਮਰੀਕਾ ਪਹੁੰਚਿਆ ਸਾਂ ਤਾਂ 1907-08 ਵਾਲਾ ਅਮਰੀਕਾ ਦਾ ਮੰਦਵਾੜਾ ਖਤਮ ਹੋ ਚੁੱਕਿਆ ਸੀ। ਇਸ ਮੰਦਵਾੜੇ ਦਾ ਕਾਰਨ ਅਮਰੀਕਾ ਦੀਆਂ ਚੋਣਾਂ ਹੁੰਦੀਆਂ ਸਨ। ਕਿਉਂਕਿ ਚੋਣਾਂ ਦੇ ਸਾਲ ਕੰਪਨੀਆਂ ਆਪਣਾ ਪੁਰਾਣਾ ਮਾਲ ਦਾ ਸਟਾਕ ਖਤਮ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਤੇ ਨਵਾਂ ਮਾਲ ਘੱਟ ਤਿਆਰ ਕਰਦੀਆਂ ਹਨ। ਇਸ ਲਈ ਮਜ਼ਦੂਰ ਬੇਕਾਰ ਹੋ ਜਾਂਦੇ ਹਨ।

ਇਕ ਹੋਰ ਗੱਲ ਚੇਤੇ ਰੱਖਣ ਵਾਲੀ ਹੈ ਕਿ ਮੁਨਾਫਾਖੋਰ ਦਾ ਦੇਸ਼, ਕੌਮ ਜਾਂ ਪ੍ਰਮਾਤਮਾ ਕਿਸੇ ਨਾਲ ਵੀ ਪਿਆਰ ਨਹੀਂ ਹੁੰਦਾ। ਉਸ ਦਾ ਦੇਸ਼, ਕੌਮ ਤੇ ਰੱਬ ਸਭ ਕੁਝ ਰੁਪਿਆ ਹੀ ਹੁੰਦਾ ਹੈ। ਜਿਸ ਢੰਗ ਨਾਲ ਵੀ ਰੁਪਿਆ ਕਮਾਇਆ ਜਾ ਸਕਦਾ ਹੋਵੇ ਉਹ ਆਪਣੀ ਲਾਲਸਾ ਪੂਰੀ ਕਰਨ ਨੂੰ ਕੋਈ ਪਾਪ ਨਹੀਂ ਸਮਝਦਾ। ਸੋ ਮੰਦਵਾੜੇ ਵਿਚ ਵੀ ਬੇਕਾਰ ਮਜ਼ਦੂਰਾਂ ਨੂੰ ਘੱਟ ਮਜ਼ਦੂਰੀ ਤੇ ਰੱਖ ਕੇ ਨਾਜਾਇਜ਼ ਫਾਇਦਾ ਉਠਾਉਂਦਾ ਹੈ।

### ਅਮਰੀਕਾ ਵਿਚ ਵਿਦੇਸ਼ੀ ਮਜ਼ਦੂਰਾਂ ਤੇ ਹਮਲੇ

ਅਮਰੀਕਨ ਮਜ਼ਦੂਰਾਂ ਦਾ ਰਹਿਣ ਸਹਿਣ ਵਿਦੇਸ਼ੀ ਮਜ਼ਦੂਰਾਂ ਨਾਲੋਂ ਉੱਚਾ ਸੀ। ਇਸ ਲਈ ਉਹ ਥੋੜ੍ਹੀ ਤਨਖਾਹ ਤੇ ਕੰਮ ਕਰਨ ਲਈ ਤਿਆਰ ਨਾ ਹੁੰਦੇ। ਨਾਲੇ ਉਹਨਾਂ ਨੂੰ ਬੇਕਾਰੀ ਅਲਾਊਂਸ ਵੀ ਮਿਲ ਜਾਂਦਾ ਸੀ। ਦੂਜੇ ਬੰਨੇ ਏਸ਼ੀਆਈ, ਭਾਵ ਜਪਾਨੀ, ਚੀਨੀ, ਹਿੰਦੁਸਤਾਨੀ, ਤੁਰਕੀ ਤੇ ਰੂਸੀ ਮਜ਼ਦੂਰ ਇਸ ਹਾਲਤ ਵਿਚ ਮਜਬੂਰ ਹੁੰਦੇ ਕਿ ਮੰਦਵਾੜੇ ਵਿਚ ਘੱਟੋ ਘੱਟ ਉਹਨਾਂ ਦੀ ਰੋਟੀ ਹੀ ਤੁਰਦੀ ਰਹੇ। ਇਸ ਲਈ ਉਹ ਥੋੜ੍ਹੀ ਤਨਖਾਹ ਤੇ ਵੀ ਕੰਮ ਕਰਦੇ ਰਹਿੰਦੇ ਹਨ। ਹੁਣ ਅਮਰੀਕਨ ਮਜ਼ਦੂਰ ਇਹ ਸਮਝਦੇ ਕਿ ਵਿਦੇਸ਼ੀ ਮਜ਼ਦੂਰ ਹੀ ਉਹਨਾਂ ਨੂੰ ਭੁੱਖੇ ਮਾਰਨ ਦਾ ਕਾਰਨ ਹਨ। ਉਹਨਾਂ ਨੇ ਰਾਤ ਵੇਲੇ ਹਿੰਦੀ ਮਜ਼ਦੂਰਾਂ ਤੇ ਪੰਜ ਛੇ ਜਗ੍ਹਾ ਕਈ ਵਾਰ ਹਮਲੇ ਕੀਤੇ ਅਤੇ ਉਹਨਾਂ ਨੂੰ ਮਾਰਿਆ ਕੁੱਟਿਆ ਤੇ ਮਾਲ ਅਸਬਾਬ ਵੀ ਲੁੱਟ ਲਿਆ। ਫਿਰ ਉਹਨਾਂ ਨੂੰ ਜਬਰਦਸਤੀ ਟਰੈਮਾਂ ਤੇ ਲੱਦ ਕੇ ਸਿਆਲ ਦੇ ਦਿਨੀਂ ਬਾਹਰ ਜੰਗਲ ਵਿਚ ਛੱਡ ਆਏ।

ਹਿੰਦੀਆਂ ਨੇ ਅੰਗਰੇਜ਼ੀ ਕੌਂਸਲਰ ਪਾਸ ਫਰਿਆਦਾਂ ਕੀਤੀਆਂ ਪਰ ਸਿੱਟਾ ਸਿਫ਼ਰ ਦਾ ਸਿਫ਼ਰ ਹੀ ਨਿਕਲਿਆ। ਇਹਨਾਂ ਹਮਲਿਆਂ ਵਰਗਾ ਇਕ ਹਮਲਾ ਅਮਰੀਕਨ ਮਜ਼ਦੂਰਾਂ ਨੇ ਜਾਪਾਨੀਆਂ ਤੇ ਵੀ ਕੀਤਾ। ਪਰ ਜਪਾਨੀ ਹਕੂਮਤ ਨੇ ਅਮਰੀਕਨ ਸਰਕਾਰ ਤੇ ਇੰਨਾ ਦਬਾਅ ਪਾਇਆ ਕਿ ਅਮਰੀਕਾ ਨੂੰ ਪੂਰਾ ਹਰਜਾਨਾ ਵੀ ਦੇਣਾ ਪਿਆ ਤੇ ਅੱਗੇ ਤੋਂ ਜਪਾਨੀਆਂ ਦੀ ਰੱਖਿਆ ਕਰਨ ਦੀ ਜ਼ਮਾਨਤ ਵੀ ਦਿੱਤੀ। ਵਿਦੇਸ਼ੀ ਮਜ਼ਦੂਰਾਂ ਵਿਚ ਸਿਰਫ ਹਿੰਦੀ ਹੀ ਨਹੀਂ ਸਨ ਤੇ ਨਾ ਹੀ ਹਿੰਦੀ ਦੂਸਰੇ ਵਿਦੇਸ਼ੀ ਮਜ਼ਦੂਰਾਂ ਨਾਲੋਂ ਘੱਟ ਤਨਖਾਹ ਲੈਂਦੇ ਸਨ। ਬਲਕਿ ਜਾਪਾਨੀ ਤੇ ਚੀਨੀ ਹਿੰਦੀਆਂ ਨਾਲੋਂ ਘੱਟ ਮਜ਼ਦੂਰੀ ਉਤੇ ਕੰਮ ਤੇ ਲੱਗ ਜਾਂਦੇ ਸਨ। ਫਿਰ ਵੀ ਅਮਰੀਕਨਾਂ ਦਾ ਗੁੱਸਾ ਜ਼ਿਆਦਾ ਕਰਕੇ ਹਿੰਦੀਆਂ ਤੇ ਹੀ ਨਿਕਲਦਾ ਸੀ। ਦੂਜੇ ਵਿਦੇਸ਼ੀ ਮਜ਼ਦੂਰਾਂ ਦੀ ਪਿੱਠ 'ਤੇ ਉਹਨਾਂ ਦਾ ਖਿਆਲ ਰੱਖਣ ਵਾਲੀਆਂ ਉਹਨਾਂ ਦੀਆਂ ਹਕੂਮਤਾਂ ਸਨ। ਜਿਵੇਂ ਉਪਰ ਜਪਾਨ ਦੀ ਮਿਸਾਲ ਦਿੱਤੀ ਗਈ ਹੈ। ਹਿੰਦੀ ਮਜ਼ਦੂਰ ਹੀ ਗੁਲਾਮ ਤੇ ਲਾਵਾਰਸ ਸਨ, ਇਹੋ ਹੀ ਇਹਨਾਂ ਦੀ ਬੇਇੱਜ਼ਤੀ ਦਾ ਕਾਰਨ ਸੀ। (ਨੋਟ:- ਕਿਸ ਕਿਸ ਥਾਂ ਤੇ ਮਜ਼ਦੂਰਾਂ ਤੇ ਹਮਲੇ ਹੋਏ ਇਸ ਦਾ ਬਿਆਨ ਗਦਰ ਪਾਰਟੀ ਦੇ ਇਤਿਹਾਸ ਵਿਚੋਂ ਮਿਲ ਸਕਦਾ ਹੈ।)

ਹੁਣ ਹਿੰਦੀਆਂ ਨੂੰ ਆਪਣੀ ਬੇਇੱਜ਼ਤੀ ਦੇ ਕਾਰਨਾਂ ਬਾਰੇ ਕੋਈ ਭੁਲੇਖਾ ਨਹੀਂ ਸੀ ਤੇ ਨਾ ਹੀ ਆਪਣੀ ਗੁਲਾਮੀ ਬਾਰੇ ਕੋਈ ਸ਼ੱਕ ਰਹਿ ਗਿਆ ਸੀ।

ਮੈਂ ਪਿੱਛੇ ਜ਼ਿਕਰ ਕੀਤਾ ਹੈ ਕਿ ਜਦ ਮੈਂ 1909 ਵਿਚ ਅਮਰੀਕਾ ਪਹੁੰਚਿਆ ਤਾਂ ਕੰਮ ਖੁੱਲ੍ਹ ਚੁੱਕੇ ਸਨ ਤੇ ਬੇਕਾਰੀ ਦੂਰ ਹੋ ਚੁੱਕੀ ਸੀ। ਅਮਰੀਕਨ ਮਜ਼ਦੂਰ ਵੀ ਥਾਉਂ ਥਾਈਂ ਕੰਮ ਤੇ ਲੱਗੇ ਹੋਏ ਸਨ ਤੇ ਦੋ ਸਾਲ ਵਿਚ ਕੋਈ ਹਮਲਾ ਨਹੀਂ ਹੋਇਆ ਸੀ। ਪਰ 1911 ਦੇ ਸਿਆਲ ਵਿਚ ਫਿਰ ਸੈਂਟਜੋਨ ਮਿੱਲ ਜੋ ਪੋਰਟਲੈਂਡ ਤੋਂ ਤਿੰਨ ਚਾਰ ਮੀਲ ਤੇ ਸੀ ਤੇ ਜਿੱਥੇ ਪੰਡਤ ਕਾਸ਼ੀ ਰਾਮ ਦੇ ਉਹਨਾਂ ਦੇ ਦੂਸਰੇ ਸਾਥੀ ਲੱਕੜੀ ਦਾ ਕੰਮ ਕਰਦੇ ਸਨ, ਅਮਰੀਕਨ ਮਜ਼ਦੂਰਾਂ ਨੇ ਹਮਲਾ ਕਰ ਦਿੱਤਾ। ਪਹਿਲੇ ਹਮਲੇ ਵਾਂਗ ਮਾਰ ਕੁੱਟ ਤੇ ਲੁੱਟਖੋਹ ਕੀਤੀ ਤੇ ਬਾਹਰ ਜੰਗਲ ਵਿਚ ਛੱਡ ਆਏ। ਇਸ ਹਮਲੇ ਦੀ ਖਬਰ ਪੁਲਿਸ ਨੂੰ ਪਹਿਲਾਂ ਲੱਗ ਚੁੱਕੀ ਸੀ ਪਰ ਉਹਨੇ ਰੱਖਿਆ ਦਾ ਕੋਈ ਪ੍ਰਬੰਧ ਨਾ ਕੀਤਾ। "ਮੁੱਲਾਂ ਦੀ ਦੌੜ ਮਸੀਤ ਤੱਕ" ਦੀ ਕਹਾਵਤ ਅਨੁਸਾਰ ਹਿੰਦੀ, ਅੰਗਰੇਜ਼ ਕੌਂਸਲਰ ਪੋਰਟਲੈਂਡ ਕੋਲ ਸ਼ਿਕਾਇਤ ਲੈ ਕੇ ਗਏ। ਪਰ ਉਸ ਨੇ ਗੋਂਗਲੂਆਂ ਤੋਂ ਮਿੱਟੀ ਝਾੜਨ ਦੇ ਸਿਵਾ ਕੁਝ ਨਾ ਕੀਤਾ। ਇਹਨਾਂ ਹਮਲਿਆਂ ਤੋਂ ਇਲਾਵਾ ਵੈਸੇ ਵੀ ਹਿੰਦੀਆਂ ਵਿਰੁੱਧ ਘਿਰਣਾ ਵਧਦੀ ਗਈ। ਟਰੈਮੀਂ ਹੋਟਲਾਂ ਤੇ ਹੋਰ ਥਾਵਾਂ ਤੇ ਹਿੰਦੀਆਂ ਨਾਲ ਘਿਰਣਾ ਕੀਤੀ ਜਾਣ ਲੱਗੀ। ਇਕ ਵਾਰ ਦੀ ਗੱਲ ਹੈ ਕਿ ਪ੍ਰੋਫੈਸਰ ਤੇਜਾ ਸਿੰਘ (ਸੰਤ ਤੇਜਾ ਸਿੰਘ ਮਸਤੂਆਣਾ) ਕੈਨੇਡਾ ਤੋਂ ਅਮਰੀਕਾ ਆਏ ਤਾਂ ਮੈਨੂੰ ਵੀ ਮਿਲਣ ਆਏ ਕਿਉਂਕਿ ਮੇਰੇ ਪੁਰਾਣੇ ਜਾਣੂ ਸਨ। ਮੈਂ ਉਹਨਾਂ ਨੂੰ ਪੋਰਟਲੈਂਡ ਸ਼ਹਿਰ ਦਿਖਾਉਣ ਲਈ ਲੈ ਗਿਆ। ਉਥੇ ਹੀ ਸਾਨੂੰ ਬਾਰਾਂ ਵੱਜ ਗਏ ਤੇ ਦੁਪਹਿਰ ਦੇ ਖਾਣੇ ਦਾ ਵਕਤ ਹੋ ਗਿਆ। ਮੈਂ ਉਹਨਾਂ ਨੂੰ ਨਾਲ ਲੈ ਕੇ ਇਕ ਅਮਰੀਕਨ ਹੋਟਲ ਵਿਚ ਪੈਰ ਰੱਖਿਆ ਹੀ ਸੀ ਕਿ ਹੋਟਲ ਵਾਲਿਆਂ ਨੇ ਕਹਿ ਦਿੱਤਾ ਕਿ ਜਗ੍ਹਾ ਨਹੀਂ ਹੈ। ਅਸਾਂ ਫਿਰ ਇਕ ਜਾਪਾਨੀ ਹੋਟਲ ਵਿਚ ਖਾਣਾ ਖਾਧਾ।

ਕਈ ਵਾਰੀ ਗਲੀਆਂ ਬਾਜ਼ਾਰਾਂ ਵਿਚ ਬੱਚੇ ਤੱਕ ਵੀ "ਹਿੰਦੂ ਸਲੇਵ (ਹਿੰਦੂ ਗੁਲਾਮ) ਦੇ ਨਾਅਰੇ ਲਾਉਂਦੇ ਸਾਡਾ ਪਿੱਛਾ ਕਰਦੇ ਸਨ ਤੇ ਅਸੀਂ ਸ਼ਰਮ ਦੇ ਮਾਰੇ ਉਹਨਾਂ ਵੱਲ ਮੁੜ ਕੇ ਵੇਖ ਹੀ ਨਹੀਂ ਸਕਦੇ ਸਾਂ।

ਇਕ ਵਾਰੀ ਸਾਡੀ ਮਿੱਲ ਖਲੋ ਗਈ। ਮੈਂ ਤੇ ਮੇਰਾ ਦੋਸਤ ਇਕ ਹੋਰ ਮਿੱਲ ਵਿਚ ਕੰਮ ਪੁੱਛਣ ਆਏ ਤੇ ਦਫਤਰ ਵਿਚ ਜਾ ਕੇ ਮਿੱਲ ਸੁਪਰਡੈਂਟ ਨੂੰ ਮਿਲੇ ਤੇ ਕੰਮ ਪੁੱਛਿਆ। ਉਸ ਨੇ ਬੜੇ ਆਦਰ ਨਾਲ ਕੁਰਸੀਆਂ ਤੇ ਬੈਠਣ ਲਈ ਕਿਹਾ। ਅਸੀਂ ਬੈਠ ਗਏ ਤੇ ਕੰਮ ਪੁੱਛਿਆ। ਉਸ ਨੇ ਜਵਾਬ ਦਿੱਤਾ "ਕੰਮ ਤਾਂ ਬਹੁਤ ਹੈ ਪਰ ਤੁਹਾਡੇ ਲਈ ਨਹੀਂ।" ਅਸੀਂ ਪੁੱਛਿਆ ਕਿਉਂ? ਉਸ ਨੇ ਜਵਾਬ ਦਿੱਤਾ, "ਮੇਰਾ ਤਾਂ ਦਿਲ ਚਾਹੁੰਦਾ ਹੈ ਕਿ ਮੈਂ ਤੁਹਾਨੂੰ ਦੋਹਾਂ ਨੂੰ ਗੋਲੀ ਮਾਰ ਦਿਆਂ।" ਅਸੀਂ ਹੈਰਾਨੀ ਨਾਲ ਪੁੱਛਿਆ, ਅਸਾਂ ਕੀ ਪਾਪ ਕੀਤਾ ਹੈ? ਉਸਨੇ ਸਵਾਲ ਕੀਤਾ, ਤੁਹਾਡੀ ਆਬਾਦੀ ਕਿੰਨੀ ਹੈ? ਅਸਾਂ ਜਵਾਬ ਦਿੱਤਾ, ਤੀਹ ਕਰੋੜ। ਉਹ ਕਹਿਣ ਲੱਗਾ, ਇਹ ਤੀਹ ਕਰੋੜ ਭੇਡਾਂ ਹਨ ਜਾਂ ਆਦਮੀ? ਅਸੀਂ ਕਿਹਾ ਆਦਮੀ। ਉਸਨੇ ਕਿਹਾ, ਜੇ ਤੁਸੀਂ 30 ਕਰੋੜ ਆਦਮੀ ਹੁੰਦੇ ਤਾਂ ਗੁਲਾਮ ਕਿਸ ਤਰ੍ਹਾਂ ਰਹਿੰਦੇ? ਜਾਓ ਮੈਂ ਤੁਹਾਨੂੰ ਦੋਹਾਂ ਨੂੰ ਇਕ ਇਕ ਬੰਦੂਕ ਦਿੰਦਾ ਹਾਂ, ਪਹਿਲਾਂ ਆਪਣੇ ਦੇਸ਼ ਨੂੰ ਆਜ਼ਾਦ ਕਰਾਓ। ਆਜ਼ਾਦ ਕਰਾ ਕੇ ਜਦ ਤੁਸੀਂ ਅਮਰੀਕਾ ਆਓਗੇ ਤਾਂ ਮੈਂ ਸਭ ਤੋਂ ਅੱਗੇ ਹੋ ਕੇ ਤੁਹਾਨੂੰ ਜੀ ਆਇਆਂ ਨੂੰ ਆਖਾਂਗਾ। ਅਸੀਂ ਸ਼ਰਮਿੰਦੇ ਹੋ ਕੇ ਵਾਪਸ ਆ ਗਏ। ਹੋਰ ਵੀ ਨਿਰਾਦਰੀ ਦੀਆਂ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਸੰਖੇਪ ਤੌਰ 'ਤੇ ਇੱਥੇ ਹੀ ਛੱਡਦਾ ਹਾਂ।

ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਅਮਰੀਕਾ ਵਿਚ ਅਮਰੀਕਨ, ਅੰਗਰੇਜ਼ਾਂ ਦੇ ਵਿਰੁੱਧ ਕਿਉਂ ਅਜਿਹੀਆਂ ਗੱਲਾਂ ਕਰਦੇ ਸਨ? ਉਸ ਦਾ ਜਵਾਬ ਇਹ ਹੈ ਕਿ ਅਮਰੀਕਾ ਦੀ ਵਸੋਂ ਵੱਖ-ਵੱਖ ਯੂਰਪੀ ਮੁਲਕਾਂ ਤੇ ਕੌਮਾਂ ਤੋਂ ਗਈ ਹੋਈ ਸੀ। ਜਿਹਨਾਂ ਦੇ ਮੁਫਾਦ ਆਪੋ ਵਿਚ ਟਕਰਾਉਂਦੇ ਸਨ। ਮਿਸਾਲ ਵਜੋਂ ਜਰਮਨ ਫਰਾਂਸੀਸੀ ਆਦਿ। ਅਮਰੀਕਾ ਦੀ ਸਰਮਾਏਦਾਰੀ ਵੀ ਹਿੰਦੁਸਤਾਨ ਦੀ ਮੰਡੀ ਤੇ ਅੱਖ ਰੱਖਦੀ ਸੀ। ਇਹੋ ਕਾਰਨ ਹੈ ਕਿ ਪਹਿਲੇ ਪਹਿਲ ਅਮਰੀਕਨ ਸਰਕਾਰ ਨੇ ਗਦਰ ਪਾਰਟੀ ਦੇ ਕੰਮ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਦਕਿ ਅੰਗਰੇਜ਼ਾਂ ਨੇ ਉਹਨਾਂ ਤੇ ਦਬਾਅ ਨਹੀਂ ਪਾਇਆ।

ਅਮਰੀਕਾ ਜਾਣ ਵਾਲੇ ਪੰਜਾਬੀਆਂ ਵਿਚ ਲੱਗਭੱਗ 40 ਫੀਸਦੀ ਪੁਰਾਣੇ ਫੌਜੀ ਸਨ ਤੇ ਅਜਿਹੇ ਵੀ ਸਨ ਜਿਹੜੇ ਸੰਘਾਈ ਦੀ ਪੁਲਿਸ, ਹਾਂਗਕਾਂਗ ਦੇ ਤੋਪਖਾਨੇ ਤੇ ਸਿੰਘਾਪੁਰ ਦੀ ਪਲਟਣ ਵਿਚ ਵੀ ਰਹਿ ਚੁੱਕੇ ਸਨ, ਜਿਹਨਾਂ ਨੇ ਚੀਨ ਦਾ ਇਨਕਲਾਬ (1911 ਵਾਲਾ) ਆਪਣੇ ਅੱਖੀਂ ਦੇਖਿਆ ਸੀ, ਜਿਵੇਂ ਭਾਈ ਨਿਧਾਨ ਸਿੰਘ ਚੁੱਘਾ ਤੇ ਉਹਨਾਂ ਦੇ ਸਾਥੀ ਮਾਸਟਰ ਊਧਮ ਸਿੰਘ ਕਸੇਲ ਜੋ ਹਾਂਗਕਾਂਗ ਦੇ ਤੋਪਖਾਨੇ ਵਿਚ ਸਨ। ਡਾਕਟਰ ਮਥਰਾ ਸਿੰਘ ਜਿਹਨਾਂ ਨੇ ਚੀਨ ਦੇ ਇਨਕਲਾਬ ਵਿਚ ਵੀ ਹਿੱਸਾ ਲਿਆ ਤੇ ਗਦਰ ਪਾਰਟੀ ਦੇ ਝੰਡੇ ਥੱਲੇ ਵੀ ਸ਼ਾਨਦਾਰ ਕੰਮ ਕੀਤਾ।

ਪਹਿਲੇ 1907-08 ਦੇ ਹਮਲਿਆਂ ਵਿਚ ਹਿੰਦੀਆਂ ਉਤੇ ਆਖਰੀ ਹਮਲਾ ਡੈਕੋਮਾ ਕੈਲੀਫੋਰਨੀਆ ਦੇ ਇਕ ਕਸਬੇ ਵਿਚ ਹੋਇਆ ਸੀ, ਜਿੱਥੇ ਰੇਲਵੇ ਲਾਈਨ ਦੇ ਅਮਰੀਕਨ ਮਜ਼ਦੂਰਾਂ ਨੇ ਹੜਤਾਲ ਕੀਤੀ ਹੋਈ ਸੀ। ਮਜ਼ਦੂਰਾਂ ਨੂੰ ਕੰਮ ਦਿ-ਵਾਉਣ ਵਾਲੀ ਏਜੰਸੀ ਨੇ ਬਗੈਰ ਦੱਸਿਆਂ ਪੰਜਾਬੀਆਂ ਨੂੰ ਉਥੇ ਕੰਮ ਕਰਨ ਲਈ ਭੇਜ ਦਿੱਤਾ। ਇਸ 'ਗੈਂਗ' (ਜਥੇ) ਵਿਚ ਸਾਰੇ ਫੌਜੀ ਸਨ, ਜਿਹਨਾਂ ਆਪਣੇ ਪਾਸ ਰਾਈਫਲਾਂ ਵੀ ਖਰੀਦ ਕੇ ਰੱਖੀਆਂ ਹੋਈਆਂ ਸਨ। ਜਦ ਕਸਬੇ ਦੇ ਕਸਬੇ ਨੇ ਹੀ ਦਿਨ ਵੇਲੇ ਇਹਨਾਂ ਤੇ ਹਮਲਾ ਕਰ ਦਿੱਤਾ ਤਾਂ ਇਹ ਰੇਲਵੇ ਲਾਈਨ ਦੀ ਆੜ ਲੈ ਕੇ ਬੈਠ ਗਏ ਤੇ ਜਦੋਂ ਉਹ ਲੋਕ ਨੇੜੇ ਆਏ ਤਾਂ ਉਹਨਾਂ ਨੇ ਰਾਈਫਲਾਂ ਦੇ ਮੂੰਹ ਉਪਰ ਕਰਕੇ ਗੋਲੀਆਂ ਚਲਾਈਆਂ। ਸਭ ਅਮਰੀਕਨ ਦੌੜ ਗਏ ਤੇ ਦੁਬਾਰਾ ਇਹਨਾਂ ਤੇ ਹਮਲਾ ਕਰਨ ਦੀ ਹਿੰਮਤ ਨਾ ਪਈ।

ਸੈਂਟਜੋਨ ਦੇ 1911 ਦੇ ਹਮਲੇ ਨੇ ਉਰੇਗੋਨ ਤੇ ਵਾਸ਼ਿੰਗਟਨ ਸਟੇਟ ਦੇ ਹਿੰਦੀ ਮਜ਼ਦੂਰਾਂ ਨੂੰ ਜਗਾ ਦਿੱਤਾ। ਪੋਰਟਲੈਂਡ ਦੇ ਆਲੇ-ਦੁਆਲੇ ਦੇ ਕਾਰਖਾਨਿਆਂ ਦੇ ਹਿੰਦੀ ਆਪਣੀ ਗੁਲਾਮੀ ਨੂੰ ਬੁਰੀ ਤਰ੍ਹਾਂ ਮਹਿਸੂਸ ਕਰਨ ਲੱਗੇ। ਇਸ ਲਈ ਪੋਰਟਲੈਂਡ ਦੇ ਨੇੜੇ ਨੇੜੇ ਦੇ ਕਾਰਖਾਨਿਆਂ ਦੇ ਹਿੰਦੀ ਪ੍ਰੋਗਰਾਮ ਅਨੁਸਾਰ ਐਤਵਾਰ ਦੇ ਦਿਨ ਵਾਰੀ-ਵਾਰੀ ਮੀਟਿੰਗਾਂ ਕਰਨ ਲੱਗੇ। ਇਕ ਐਤਵਾਰ ਇਕ ਕਾਰਖਾਨੇ ਵਿਚ ਤੇ ਦੂਜੇ ਐਤਵਾਰ ਦੂਜੇ ਕਾਰਖਾਨੇ ਵਿਚ। ਇਹਨਾਂ ਮੀਟਿੰਗਾਂ ਵਿਚ ਅਮਰੀਕਾ ਵਿਚ ਹੋ ਰਹੀ ਬੇਇੱਜ਼ਤੀ ਤੇ ਉਹਨਾਂ ਦੇ ਕਾਰਨਾਂ ਤੇ ਵਿਚਾਰ ਹੁੰਦਾ। (ਨੋਟ:- ਪੋਰਟਲੈਂਡ ਦੇ ਨੇੜੇ ਨੇੜੇ ਦੇ ਕਾਰਖਾਨਿਆਂ ਦੇ ਨਾਂ ਗਦਰ ਪਾਰਟੀ ਦੇ ਇਤਿਹਾਸ ਵਿਚ ਦਿੱਤੇ ਗਏ ਹਨ।)

ਵਿਚਾਰ ਵਟਾਂਦਰੇ ਨਾਲ ਹਿੰਦੀਆਂ ਦੀ ਸੂਝ ਵਧਣ ਲੱਗੀ ਤੇ ਉਹ ਇਕ ਦੂਜੇ ਦੇ ਨੇੜੇ ਆਉਣ ਲੱਗੇ। ਉਹਨਾਂ ਦਾ ਚਾਲ ਚੱਲਣ ਵੀ ਕਾਫੀ ਸੁਧਰਨ ਲੱਗਾ। ਜੋ ਹਿੰਦੀ ਸ਼ਰਾਬ ਦੇ ਆਦੀ ਸਨ ਉਹ ਸ਼ਰਾਬ ਪੀਣ ਤੋਂ ਪਰਹੇਜ਼ ਕਰਨ ਲੱਗੇ ਤੇ ਸ਼ਰਾਬਖਾਨਿਆਂ ਵਿਚ ਜਾ ਕੇ ਸ਼ਰਾਬ ਪੀਣਾ ਤਾਂ ਬਿਲਕੁਲ ਹੀ ਛੱਡ ਦਿੱਤਾ। ਜਿੱਥੇ ਪਹਿਲਾਂ ਰਿਸ਼ਵਤ ਦੇ ਕੇ ਵੀ ਇਕ ਦੂਜੇ ਦੀ ਥਾਂ ਮੁਕਾਬਲੇ ਤੇ ਲੱਗ ਜਾਂਦੇ, ਉਥੇ ਹੁਣ ਕਾਰਖਾਨੇਦਾਰ ਜੇ ਕਿਸੇ ਨੂੰ ਨਾਜਾਇਜ਼ ਤੌਰ 'ਤੇ ਕੰਮ ਤੋਂ ਹਟਾ ਦਿੰਦਾ ਤਾਂ ਸਾਰੇ ਉਸਦੀ ਮਦਦ ਕਰਦੇ, ਬਲਕਿ ਬੇਕਾਰੀ ਦੀ ਹਾਲਤ ਵਿਚ ਸਾਂਝੇ ਲੰਗਰ ਤੋਂ ਉਦੋਂ ਤੱਕ ਮੁਫਤ ਰੋਟੀ ਵੀ ਖੁਆਈ ਜਾਂਦੀ ਜਦ ਤੱਕ ਕਿ ਕੰਮ ਨਾ ਮਿਲ ਜਾਂਦਾ। ਹੁਣ ਇਹ ਹਮਦਰਦੀ ਸਿਰਫ ਹਿੰਦੀਆਂ ਦੀ ਆਪੋ ਵਿਚ ਹੀ ਸੀਮਤ ਨਹੀਂ ਸੀ ਬਲਕਿ ਜੇ ਕਿਸੇ ਦੂਸਰੇ ਦੇਸ਼ ਦੇ ਮਜ਼ਦੂਰ ਨੂੰ ਕਾਰਖਾਨੇਦਾਰ ਨਾਜਾਇਜ਼ ਤੌਰ 'ਤੇ ਦਬਾਉਣਾ ਚਾਹੁੰਦੇ ਜਾਂ ਤਨਖਾਹ ਘਟਾਉਣ ਦੀ ਧਮਕੀ ਦਿੰਦੇ ਤਾਂ ਹਿੰਦੀ ਉਹਦੀ ਮਦਦ ਕਰਦੇ।

ਹੁਣ ਦੂਜੇ ਵਿਦੇਸ਼ੀ ਮਜ਼ਦੂਰਾਂ ਦੇ ਦਿਲ ਵਿਚ ਵੀ ਹਿੰਦੀਆਂ ਲਈ ਕਾਫੀ ਹਮਦਰਦੀ ਪੈਦਾ ਹੋ ਗਈ। ਜਾਪਾਨੀ, ਚੀਨੀ, ਤੁਰਕੀ, ਰੂਸੀ, ਆਇਰਿਸ਼ ਭਾਵ ਹਰ ਦੇਸ਼ ਦੇ ਮਜ਼ਦੂਰ ਇਕੱਠੇ ਕਾਰਖਾਨਿਆਂ ਵਿਚ ਕੰਮ ਕਰਦੇ ਸਨ ਤੇ ਇਹਨਾਂ ਦੇਸ਼ਾਂ ਵਿਚੋਂ ਕਈਆਂ ਵਿਚ ਆਜ਼ਾਦੀ ਦੀ ਲੜਾਈ ਚੱਲ ਰਹੀ ਸੀ। ਜਦ ਵੀ ਕਿਤੇ ਪੰਜ ਮਿੰਟ ਲਈ ਮਿੱਲ ਖਲੋ ਜਾਂਦੀ ਤਾਂ ਅਖਬਾਰਾਂ ਤੇ ਚਿੱਠੀਆਂ ਰਾਹੀਂ ਜੋ ਖ਼ਬਰਾਂ ਆਉਂਦੀਆਂ ਉਹ ਇਕ ਦੂਸਰੇ ਨੂੰ ਦੱਸਦੇ ਤੇ ਵਿਚਾਰ ਵਟਾਂਦਰਾ ਕਰਦੇ। ਟੁੱਟੀ-ਫੁੱਟੀ ਅੰਗਰੇਜ਼ੀ-ਹਿੰਦੁਸਤਾਨੀ ਤੇ ਦੂਸਰੇ ਸਭ ਵਿਦੇਸ਼ੀ ਮਜ਼ਦੂਰ- ਸਭ ਆਪੋ ਵਿਚ ਸਮਝ ਲੈਂਦੇ ਸਨ। ਇਸ ਵਿਚਾਰ ਵਟਾਂਦਰੇ ਨੇ ਹਿੰਦੀਆਂ ਦੀ ਸੂਝ ਵਿਚ ਕਾਫੀ ਵਾਧਾ ਕੀਤਾ।

1911 ਦੇ ਹਮਲੇ ਪਿੱਛੋਂ ਫਿਰ ਦੂਸਰਾ ਹਮਲਾ ਨਹੀਂ ਹੋਇਆ। ਮੇਰਾ ਵਿਚਾਰ ਹੈ ਕਿ ਫਿਰ ਹਮਲਾ ਨਾ ਹੋਣ ਦਾ ਕਾਰਨ ਹਿੰਦੀਆਂ ਦੀ ਜਾਗਰਤੀ ਸੀ। ਕਿਉਂਕਿ ਹੁਣ ਹਿੰਦੀ ਦੂਜੇ ਦੇਸ਼ਾਂ ਦੇ ਮਜ਼ਦੂਰਾਂ ਨਾਲ ਹਮਦਰਦੀ ਵੀ ਕਰਦੇ ਸਨ ਤੇ ਹਰ ਤਰ੍ਹਾਂ ਦੀ ਜਾਇਜ਼ ਮਦਦ ਵੀ ਕਰਦੇ ਸਨ। ਇਸ ਤੋਂ ਇਲਾਵਾ ਡਿਕੋਮਾ ਦੇ ਸਾਕੇ ਨੇ ਵੀ ਹਿੰਦੀਆਂ ਦੀ ਜੁਅਰਤ ਵਧਾ ਦਿੱਤੀ ਤੇ ਹਰ ਥਾਂ ਹਿੰਦੀ ਆਪਣੇ ਪਾਸ ਪਸਤੌਲ ਤੇ ਰਾਈਫਲਾਂ ਰੱਖਣ ਲੱਗ ਪਏ।

**ਕੈਨੇਡਾ ਦੀ ਕਾਨੂੰਨੀ ਲੜਾਈ:-** ਕੈਨੇਡਾ ਵਿਚ ਰਹਿੰਦੇ ਹਿੰਦੀਆਂ ਉਤੇ ਸਰਕਾਰ ਨੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ। ਸਭ ਤੋਂ ਪਹਿਲਾਂ ਗੁਰਦੁਆਰਾ ਕਮੇਟੀ ਵੈਨਕੂਵਰ (ਕੈਨੇਡਾ) ਨੇ ਸ਼ਹਿਰੀ ਹੱਕਾਂ ਲਈ ਘੋਲ ਸ਼ੁਰੂ ਕੀਤਾ। ਸਰਦਾਰ ਭਾਗ ਸਿੰਘ ਭਿੱਖੀਵਿੰਡ ਇਸ ਕਮੇਟੀ ਦੇ ਪ੍ਰਧਾਨ ਅਤੇ ਭਾਈ ਬਲਵੰਤ ਸਿੰਘ ਜੀ ਮੁੱਖ ਸਕੱਤਰ ਤੇ ਗ੍ਰੰਥੀ ਵੀ ਸਨ। ਭਾਈ ਸੇਵਾ ਸਿੰਘ, ਭਾਈ ਬਤਨ ਸਿੰਘ ਵਗੈਰਾ ਮੈਂਬਰ ਸਨ। ਜਦ ਭਾਈ ਹਸਨ ਰਹੀਮ ਸ਼ਾਮਲ ਹੋ ਗਏ ਤਾਂ ਇਸਦਾ ਘੇਰਾ ਹੋਰ ਵੀ ਵਿਸ਼ਾਲ ਹੋ ਗਿਆ। ਕੈਨੇਡਾ ਦੇ ਹਿੰਦੀਆਂ ਨੇ ਸ਼ਹਿਰੀ ਹੱਕਾਂ ਲਈ ਇਕ ਇਤਿਹਾਸਕ ਲੜਾਈ ਲੜੀ ਜਿਸ ਵਿਚ ਆਪਣੇ ਗਾੜ੍ਹੇ ਪਸੀਨੇ ਦੇ ਕਮਾਏ ਲੱਖਾਂ ਰੁਪਏ ਖਰਚ ਕਰਕੇ ਵੀ ਉਹ ਸਫਲ ਨਾ ਹੋਏ।

ਦੂਜੇ ਬੰਨੇ ਕੈਲੀਫੋਰਨੀਆ ਵਿਚ ਜੋ ਜਾਗਰਿਤੀ ਪੈਦਾ ਹੋਈ ਉਸਦੇ ਕੰਮ ਨੂੰ ਜਿਨ੍ਹਾਂ ਆਗੂਆਂ ਨੇ ਹੱਥ ਵਿਚ ਲਿਆ, ਉਹ ਸਨ ਪ੍ਰੋਫੈਸਰ ਤੇਜਾ ਸਿੰਘ (ਸੰਤ ਤੇਜਾ ਸਿੰਘ ਮਸਤੂਆਣਾ), ਲਾਲਾ ਹਰਦਿਆਲ, ਭਾਈ ਪਰਮਾਨੰਦ (ਲਾਹੌਰ) ਤੇ ਤਾਰਕ ਨਾਥ ਵਗੈਰਾ। ਇਹਨਾਂ ਸਾਰਿਆਂ ਦਾ ਖਿਆਲ ਇਕੋ ਹੀ ਸੀ, ਉਹ ਇਹ ਸੀ ਕਿ ਦੇਸ਼ ਤੋਂ ਵਿਦਿਆਰਥੀ ਮੰਗਾਏ ਜਾਣ ਤੇ ਅਮਰੀਕਾ ਵਿਚ ਉਹਨਾਂ ਨੂੰ ਪੜ੍ਹਾ ਕੇ ਹਿੰਦੀਆਂ ਦੀ ਆਜ਼ਾਦੀ ਲਈ ਲੜਨ ਵਾਸਤੇ ਭੇਜਿਆ ਜਾਵੇ। ਭਾਈ ਜਵਾਲਾ ਸਿੰਘ ਜੀ ਨੇ ਜੋ ਚਾਰ ਵਿਦਿਆਰਥੀ ਆਪਣੇ ਵਜ਼ੀਫੇ ਤੇ ਅਮਰੀਕਾ ਪੜ੍ਹਾਉਣ ਲਈ ਮੰਗਾਏ, ਉਹ ਇਸੇ ਸਕੀਮ ਅਨੁਸਾਰ ਹੀ ਮੰਗਾਏ ਗਏ ਸਨ ਜੋ ਅਖੀਰ ਫੇਲ੍ਹ ਹੋ ਗਏ।

ਸੋ ਇਸ ਦਾ ਨਤੀਜਾ ਵੀ ਸਿਫ਼ਰ ਦੇ ਬਰਾਬਰ ਹੀ ਨਿਕਲਿਆ (ਨੋਟ- ਕੈਨੇਡਾ ਤੇ ਕੈਲੀਫੋਰਨੀਆ ਦਾ ਹਾਲ ਗਦਰ ਪਾਰਟੀ ਦੇ ਇਤਿਹਾਸ ਵਿਚ ਮਿਲਦਾ ਹੈ।) ਕੈਨੇਡਾ ਤੇ ਕੈਲੀਫੋਰਨੀਆ ਦੀਆਂ ਸਕੀਮਾਂ ਦਾ ਜੋ ਨਤੀਜਾ ਨਿਕਲਿਆ ਉਸਦਾ ਪੋਰਟਲੈਂਡ ਤੇ ਵਾਸ਼ਿੰਗਟਨ ਸਟੇਟ ਦੇ ਜਾਗਰਤ ਹਿੰਦੀਆਂ ਤੇ ਬਹੁਤ ਅਸਰ ਹੋਇਆ। ਉਹ ਇਸ ਨਤੀਜੇ ਤੇ ਪਹੁੰਚੇ ਕਿ ਸਿੱਧੀ ਕੁਰਬਾਨੀ ਤੇ ਹਥਿਆਰਬੰਦ ਇਨਕਲਾਬ ਦੇ ਬਗੈਰ ਹੋਰ ਕੋਈ ਰਸਤਾ ਨਹੀਂ।



ਪ੍ਰਸਿਧ ਪੱਤਰਕਾਰ ਅਤੇ ਲੇਖਕ ਚਰਨ-ਜੀਤ ਸਿੰਘ ਪੰਨੂੰ (ਸੈਨਹੋਜੇ) ਦੀ ਕਿਤਾਬ "ਮੇਰੀ ਵਾਈਟ ਹਾਊਸ ਫੇਰੀ" ਨੂੰ ਰਿਲੀਜ਼ ਕਰਦੇ ਹੋਏ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਨਾਲ ਖੜ੍ਹੇ ਹਨ ਸੀਨੀਅਰ ਅਕਾਲੀ ਆਗੂ ਅਤੇ ਇੰਡੋ ਅਮੈਰਿਕਨ ਪੰਜਾਬੀ ਟਾਈਮਜ਼ ਦੇ ਮੁੱਖ ਸੰਪਾਦਕ ਨਰਿੰਦਰਪਾਲ ਸਿੰਘ ਹੁੰਦਲ।

## ਅਕਾਲੀ-ਭਾਜਪਾ ਤੇ ਕਾਂਗਰਸ ਇਕੋ ਥਾਲੀ ਦੇ ਚੱਟੇ-ਬੱਟੇ- ਭਗਵੰਤ ਮਾਨ

ਨਾਭਾ - ਸੰਗਰੂਰ ਲੋਕ ਸਭਾ ਸੀਟ ਤੋਂ ਮੈਂਬਰ ਪਾਰਲੀਮੈਂਟ ਭਗਵੰਤ ਮਾਨ ਨੇ ਨਾਭਾ ਦੇ ਹੀਰਾ ਮਹਿਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਪੂਰੇ ਜੋਸ਼ੋ ਖਰੋਸ਼ ਨਾਲ ਲੜੇਗੀ। ਦਿੱਲੀ ਵਾਂਗ ਆਮ ਲੋਕਾਂ ਦੇ ਸਹਿਯੋਗ ਨਾਲ ਸਪੱਸ਼ਟ ਬਹੁਮਤ ਵਾਲੀ ਸਰਕਾਰ ਬਣਾ ਕੇ ਲੋਕਾਂ ਨੂੰ ਸੂਬੇ ਅੰਦਰ ਹੋ ਰਹੀ ਲੁੱਟ ਖਸੁੱਟ ਅਤੇ ਭ੍ਰਿਸ਼ਟਾਚਾਰ ਤੋਂ ਛੁਟਕਾਰਾ ਦਿਵਾਏਗੀ। ਭਗਵੰਤ ਮਾਨ ਨੇ ਕਿਹਾ ਕਿ ਜਿਵੇਂ ਦਿੱਲੀ 'ਚ ਆਮ ਆਦਮੀ ਦੀ ਸਰਕਾਰ ਬਣੀ ਹੈ, ਉਸੇ ਤਰ੍ਹਾਂ ਪੰਜਾਬ 'ਚ ਵੀ ਆਮ ਆਦਮੀ ਦੀ ਸਰਕਾਰ ਬਣੇਗੀ। ਉਨ੍ਹਾਂ ਅਕਾਲੀ-ਭਾਜਪਾ ਅਤੇ ਕਾਂਗਰਸ ਨੂੰ ਇਕੋ ਥਾਲੀ ਦੇ ਚੱਟੇ-ਬੱਟੇ ਦੱਸਦਿਆਂ ਕਿਹਾ ਕਿ ਹੁਣ ਸੂਬੇ ਦੀ ਜਨਤਾ ਇਨ੍ਹਾਂ ਪਾਰਟੀਆਂ ਦੇ ਲਾਅਰਿਆਂ 'ਚ ਨਹੀ ਆਉਣ ਵਾਲੀ, ਕਿਉਂਕਿ ਸੂਬੇ ਦੇ ਲੋਕ ਇਹ ਸਮਝਦੇ ਹਨ।

## ਹੋਲੇ-ਮਹੱਲੇ ਤੇ ਵਿਸ਼ੇਸ਼

# ਅਜੋਕੇ ਪ੍ਰਸੰਗ 'ਚ ਹੋਲਾ-ਮਹੱਲਾ



**-ਤਲਵਿੰਦਰ ਸਿੰਘ ਬੁੱਟਰ**

ਮੌਜੂਦਾ ਸਿੱਖ ਸੱਭਿਅਤਾ ਅਤੇ ਵਿਰਾਸਤ ਦੇ ਵਿਕਾਸ ਤੇ ਵਿਗਾਸ ਦੇ ਦੌਰਾਨ ਸਿੱਖ ਇਤਿਹਾਸ ਅਤੇ ਪਰੰਪਰਾਵਾਂ ਨਾਲ ਜੁੜੇ ਹੋਲੇ-ਮਹੱਲੇ ਵਰਗੇ ਕੌਮੀ ਦਿਹਾੜਿਆਂ ਨੂੰ ਨਵੇਂ ਸੰਕਲਪਾਂ ਲਈ ਵਰਤੇ ਜਾਣ ਦੀ ਲੋੜ ਹੈ । ਹੋਲਾ-ਮਹੱਲਾ ਸਿੱਖ ਕੌਮ ਦੀ ਸ਼ਕਤੀ ਨੂੰ ਸੰਗਠਿਤ ਕਰਨ ਅਤੇ ਉਸਾਰੂ ਰੁਚੀਆਂ ਦਾ ਪ੍ਰਸਾਰ ਕਰਨ ਦਾ ਜ਼ਰੀਆ ਬਣਨਾ ਚਾਹੀਦਾ ਹੈ ।ਮੌਜੂਦਾ ਸਮੇਂ ਸਭ ਤੋਂ ਵੱਡੀ ਲੋੜ ਸੰਸਾਰੀ ਰੁਝਾਨਾਂ ਅਤੇ ਸਰੋਕਾਰਾਂ ਮੁਤਾਬਿਕ ਸਿੱਖ ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਨੂੰ ਆਲਮੀ ਪ੍ਰਸੰਗ ਵਿਚ ਪੇਸ਼ ਕਰਨ ਦੀ ਹੈ । ਸਿੱਖ ਕੌਮ ਨੂੰ ਦੁਨੀਆ ਦੀਆਂ ਦੂਜੀਆਂ ਸਫ਼ਲ ਕੌਮਾਂ ਦੇ ਮੁਕਾਬਲੇ ਆਪਣੇ ਅਮੀਰ ਬੌਧਿਕ ਵਿਰਸੇ ਅਤੇ ਸਰਬ-ਸਾਂਝੀਵਾਲਤਾ ਦੀ ਵਿਚਾਰਧਾਰਾ ਅਨੁਸਾਰ 'ਆਲਮੀ ਜੀਵਨ ਮਨੋਰਥ' ਤੈਅ ਕਰਕੇ ਉਸ ਨੂੰ ਸਾਕਾਰ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ, ਤਾਂ ਜੋ ਇਕ ਸੁਖਾਵੇਂ ਸਰਬਪੱਖੀ ਮਨੁੱਖੀ ਵਿਕਾਸ ਦੇ ਨਮੂਨੇ ਦੀ ਭਾਲ ਵਿਚ ਭਟਕ ਰਹੀ ਲੋਕਾਈ ਸਾਹਮਣੇ ਜੀਵਨ ਦਾ ਇਕ ਸਾਵਾਂ, ਸਰਬਪੱਖੀ ਅਤੇ ਸਰਬਸਾਂਝਾ 'ਗੁਰਮਤਿ ਆਧਾਰਿਤ ਅਮਲੀ ਨਮੂਨਾ' ਪੇਸ਼ ਕੀਤਾ ਜਾ ਸਕੇ ।

ਅਜੋਕੇ ਸਮੇਂ ਸਿੱਖ ਕੌਮ ਦੇ ਸਿਆਸੀ ਆਗੂਆਂ ਦੇ ਡਿਗ ਰਹੇ ਕਿਰਦਾਰ ਅਤੇ ਗੁਆਚ ਰਹੀਆਂ ਰਾਜਨੀਤਕ ਕਦਰਾਂ-ਕੀਮਤਾਂ 'ਮੀਰੀ-ਪੀਰੀ' ਦੇ ਸੰਕਲਪ ਨੂੰ ਮੁੜ ਰੂਪਮਾਨ ਕਰਨ ਦੀ ਮੰਗ ਕਰਦੀਆਂ ਹਨ । ਸਿੱਖ ਧਰਮ ਵਿਚ ਧਰਮ ਤੇ ਰਾਜਨੀਤੀ ਦੇ ਸੁਮੇਲ ਦੇ ਇਸ ਸੰਕਲਪ ਬਾਰੇ ਨਵੀਆਂ ਅੰਤਰ-ਦ੍ਰਿਸ਼ਟੀਆਂ ਪੈਦਾ ਕਰਨ, ਸਿੱਖ ਰਾਜਨੀਤੀ ਦੀ ਦਸ਼ਾ ਤੇ ਦਿਸ਼ਾ ਨਿਰਧਾਰਤ ਕਰਨ ਲਈ ਸਮੁੱਚੀਆਂ ਸਿੱਖ ਸਿਆਸੀ ਧਿਰਾਂ ਨੂੰ ਇਕ ਮੰਚ 'ਤੇ ਇਕੱਤਰ ਕਰਕੇ ਚਿੰਤਨ ਕੀਤਾ ਜਾਣਾ ਚਾਹੀਦਾ ਹੈ ।

ਇਸ ਉੱਦਮ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਪਹਿਲ ਕਰਨੀ ਚਾਹੀਦੀ ਹੈ ਅਤੇ ਹੋਲੇ-ਮਹੱਲੇ ਮੌਕੇ ਸਿੱਖ ਸਿਆਸੀ ਧਿਰਾਂ ਕੋਲੋਂ ਵੱਖੋ-ਵੱਖਰੀਆਂ ਡਫ਼ਲੀਆਂ ਛੁਡਾ ਕੇ ਇਕ ਮੰਚ 'ਤੇ ਇਕੱਤਰ ਕਰਕੇ ਨਵੀਆਂ 'ਧਰਮ ਤੇ ਰਾਜਨੀਤੀ' ਦੇ ਸੁਮੇਲ ਦੀਆਂ ਕਦਰਾਂ-ਕੀਮਤਾਂ ਨੂੰ ਰੂਪਮਾਨ ਕਰਨ ਅਤੇ ਸਿਹਤਮੰਦ ਰਾਜਨੀਤੀ ਦੇ ਉਭਾਰ ਲਈ ਹੰਭਲਾ ਮਾਰਨਾ ਚਾਹੀਦਾ ਹੈ ।

ਮੌਜੂਦਾ ਸਮੇਂ ਸਿੱਖ ਨੌਜਵਾਨੀ ਦੀ ਹਾਲਤ ਸਭ ਤੋਂ ਤਰਸਯੋਗ ਹੈ । ਅਗਲੀ ਸਿੱਖ ਪੀੜ੍ਹੀ ਅੰਦਰ ਸਿੱਖੀ ਜਜ਼ਬਾ ਤਾਂ ਹੈ ਪਰ ਲੋੜ ਹੈ ਉਨ੍ਹਾਂ ਨੂੰ ਸਹੀ ਦਿਸ਼ਾ ਦਿਖਾਉਣ ਦੀ । ਸਿੱਖ ਨੌਜਵਾਨੀ ਸਾਹਮਣੇ ਕੋਈ ਰੋਲ ਮਾਡਲ ਨਹੀਂ ਹੈ । ਇਸੇ ਕਰਕੇ ਸਿੱਖ ਨੌਜਵਾਨੀ ਅਛੋਪਲੇ ਹੀ ਆਪਣੇ ਵਿਰਸੇ ਨਾਲੋਂ ਦੂਰ ਜਾ ਰਹੀ ਹੈ । ਹੋਲੇ-ਮਹੱਲੇ ਵਰਗੇ ਰਵਾਇਤੀ ਜੋੜ-ਮੇਲਿਆਂ ਦੇ ਜਾਹੋ-ਜਲਾਲ ਤਾਂ ਹੀ ਕਾਇਮ ਰਹਿਣਗੇ, ਜੇਕਰ ਅਗਲੀ ਪੀੜ੍ਹੀ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਧੁਰੋਂ ਬਖ਼ਸ਼ੀ ਸਿੱਖੀ ਦਾਤ ਅਤੇ ਨਿਆਰੇ ਸਰੂਪ ਨੂੰ ਸੰਭਾਲ ਕੇ ਰੱਖੇਗੀ । ਸਿੱਖ ਵਿੱਦਿਅਕ, ਸੱਭਿਆਚਾਰਕ, ਖੇਡਾਂ ਸਮੇਤ ਸਮੁੱਚੇ ਸਿੱਖ ਕਦਰਾਂ-ਕੀਮਤਾਂ ਦੇ ਢਾਂਚੇ ਨੂੰ ਨਵੇਂ ਨਿਸ਼ਾਨਿਆਂ 'ਤੇ ਸੇਧਿਤ ਕਰਨਾ ਚਾਹੀਦਾ ਹੈ । ਸਿੱਖੀ ਜੰਗਜੂ ਕਲਾਵਾਂ ਦੇ ਪ੍ਰਦਰਸ਼ਨ ਤਾਂ ਹੋਲੇ-ਮਹੱਲੇ ਮੌਕੇ ਹੁੰਦੇ ਹੀ ਹਨ ਪਰ ਇਨ੍ਹਾਂ ਮੁਕਾਬਲਿਆਂ ਨੂੰ ਅਨੁਸ਼ਾਸਨਬੱਧ, ਯੋਜਨਾਬੱਧ ਤਰੀਕੇ ਨਾਲ ਕਰਵਾਉਣ, ਸਿੱਖ ਨੌਜਵਾਨੀ ਦੀ ਇਨ੍ਹਾਂ ਵਿਚ ਵੱਧ ਤੋਂ ਵੱਧ ਸ਼ਮੂਲੀਅਤ ਕਰਵਾਉਣ, ਖੇਡ ਭਾਵਨਾ ਪ੍ਰਫ਼ੁਲਤ ਕਰਨ, ਨਸ਼ਾਖੋਰੀ ਤੋਂ ਦੂਰ ਰਹਿਣ ਅਤੇ ਨੌਜਵਾਨ ਪੀੜ੍ਹੀ ਅੰਦਰ ਵਿਰਸੇ ਦਾ ਪ੍ਰਸਾਰ ਕਰਨ ਵੱਲ ਧਿਆਨ ਦੇਣ ਦੀ ਲੋੜ ਹੈ ।

ਅਨੰਦਪੁਰ ਸਾਹਿਬ ਵਿਖੇ ਦੁਨੀਆ ਦਾ ਆਧੁਨਿਕ ਸਹੂਲਤਾਂ ਪ੍ਰਾਪਤ ਅਤੇ ਉਚ ਪੱਧਰ ਦਾ ਇਕ ਵਿਸ਼ਾਲ ਖੇਡ ਸਟੇਡੀਅਮ ਤਿਆਰ ਕਰਵਾਇਆ ਜਾਵੇ । ਸਿੱਖ ਜੰਗੀ ਕਲਾਵਾਂ ਦੇ ਕੌਮੀ ਮੁਕਾਬਲੇ ਹੋਲੇ-ਮਹੱਲੇ ਮੌਕੇ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਕਰਵਾਏ ਜਾਣ ਅਤੇ ਜੇਤੂਆਂ ਨੂੰ ਆਕਰਸ਼ਕ ਅਤੇ ਭਾਰੀ ਇਨਾਮ ਵੰਡੇ ਜਾਣ ਦੀ ਪਿਰਤ ਸ਼ੁਰੂ ਕੀਤੀ ਜਾਵੇ । ਇਸ ਮੌਕੇ ਅਜੋਕੀ ਸਿੱਖ ਨੌਜਵਾਨੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਲਈ ਲੜੀਵਾਰ ਗੁਰਮਤਿ ਕੈਂਪ ਲਗਾਉਣੇ ਚਾਹੀਦੇ ਹਨ, ਜਿਨ੍ਹਾਂ ਦੌਰਾਨ ਸਿੱਖ ਨੌਜਵਾਨਾਂ ਨੂੰ ਜੀਵਨ ਦੇ ਹਰ ਪੱਖ ਤੋਂ ਗੁਰਮਤਿ ਜੀਵਨ-ਜਾਚ ਦੇ ਅਮਲ ਬਾਰੇ ਦ੍ਰਿੜ੍ਹ ਕੀਤਾ ਜਾਵੇ । ਸਿੱਖ ਨੌਜਵਾਨਾਂ ਦੇ ਪ੍ਰਤਿਭਾ ਖੋਜ, ਅਮਲੀ ਜੀਵਨ-ਜਾਚ ਅਤੇ ਮਨੁੱਖੀ ਵਿਹਾਰ ਮੁਕਾਬਲੇ ਕਰਵਾਏ ਜਾਣ, ਤਾਂ ਜੋ ਸਿੱਖ ਨੌਜਵਾਨਾਂ ਨੂੰ ਸਿੱਖੀ ਨੈਤਿਕਤਾ, ਸਦਾਚਾਰ ਅਤੇ ਆਦਰਸ਼ਾਂ ਨਾਲ ਜੁੜਨ ਦਾ ਉਤਸ਼ਾਹ ਮਿਲ ਸਕੇ ।

ਜਿਸ ਤਰ੍ਹਾਂ 20ਵੀਂ ਸਦੀ ਦੇ ਸ਼ੁਰੂ ਵਿਚ 'ਚੀਫ਼ ਖ਼ਾਲਸਾ ਦੀਵਾਨ' ਨੇ ਸਿੱਖ ਧਰਮ ਦੇ ਪ੍ਰਸਾਰ ਵਿਚ ਵਿੱਦਿਅਕ ਲਹਿਰ ਰਾਹੀਂ ਅਹਿਮ ਯੋਗਦਾਨ ਪਾਇਆ, ਉਸੇ ਤਰ੍ਹਾਂ ਮੌਜੂਦਾ ਸਮੇਂ ਸਿੱਖ ਵਿੱਦਿਅਕ ਪ੍ਰਬੰਧ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਨਵੀਂ ਪਹਿਲਕਦਮੀ ਦੀ ਲੋੜ ਹੈ । ਹਰ ਸਾਲ ਹੋਲੇ-ਮਹੱਲੇ ਮੌਕੇ ਅਨੰਦਪੁਰ ਸਾਹਿਬ ਵਿਖੇ 'ਸਾਲਾਨਾ ਸਿੱਖ ਵਿੱਦਿਅਕ ਕਾਨਫਰੰਸ' ਕਰਵਾਉਣ ਦੀ ਸ਼ੁਰੂਆਤ ਕੀਤੀ ਜਾਵੇ, ਜਿਸ ਵਿਚ ਦੁਨੀਆ ਭਰ ਤੋਂ ਸਿੱਖ ਵਿੱਦਿਅਕ ਸ਼ਾਸਤਰੀਆਂ ਨੂੰ ਬੁਲਾਇਆ ਜਾਵੇ, ਤਾਂ ਜੋ ਸਿੱਖ ਵਿੱਦਿਅਕ ਪ੍ਰਣਾਲੀ ਦੀ ਸਮੇਂ-ਸਮੇਂ 'ਤੇ ਪ੍ਰਭਾਵੀ ਰੂਪ-ਰੇਖਾ ਨਿਰਧਾਰਤ ਕੀਤੀ ਜਾ ਸਕੇ ।ਜਿਹੜੀਆਂ ਸਿੱਖ ਸ਼ਖ਼ਸੀਅਤਾਂ ਜੀਵਨ ਦੇ ਵੱਖੋ-ਵੱਖਰੇ ਖੇਤਰਾਂ ਵਿਚ ਕੌਮਾਂਤਰੀ ਪੱਧਰ 'ਤੇ ਸਿੱਖੀ ਦਾ ਨਾਂਅ ਰੌਸ਼ਨ ਕਰ ਰਹੀਆਂ ਹਨ, ਉਨ੍ਹਾਂ ਨੂੰ ਕੌਮੀ ਸਨਮਾਨ ਦੇਣ ਦੀ ਨਵੀਂ ਉਸਾਰੂ ਪਿਰਤ ਸ਼ੁਰੂ ਕਰਦਿਆਂ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲੇ-ਮਹੱਲੇ ਦੇ ਵਿਸ਼ੇਸ਼ ਮੌਕੇ ਨੂੰ ਚੁਣਿਆ ਜਾਣਾ ਚਾਹੀਦਾ ਹੈ । ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖੋ-ਵੱਖਰੇ ਖੇਤਰਾਂ ਵਿਚ ਸ਼ਾਨਦਾਰ ਸੇਵਾਵਾਂ ਲਈ ਚੁਣੀਆਂ ਸਿੱਖ ਸ਼ਖ਼ਸੀਅਤਾਂ ਨੂੰ ਕੌਮੀ ਪੁਰਸਕਾਰਾਂ ਨਾਲ ਨਿਵਾਜਿਆ ਜਾਵੇ । ਇਸ ਤਰ੍ਹਾਂ ਸਿੱਖ ਨੌਜਵਾਨੀ ਲਈ ਰੋਲ ਮਾਡਲ ਵੀ ਉੱਭਰ ਕੇ ਸਾਹਮਣੇ ਆਉਣ ਦਾ ਸਬੱਬ ਬਣੇਗਾ ।

ਸਿੱਖ ਧਰਮ ਦੀਆਂ ਧਾਰਮਿਕ, ਸਮਾਜਿਕ, ਬੌਧਿਕ, ਨੌਜਵਾਨ ਅਤੇ ਇਸਤਰੀ ਜਥੇਬੰਦੀਆਂ ਵੱਲੋਂ ਤਿੰਨ ਰੋਜ਼ਾ ਹੋਲੇ-ਮਹੱਲੇ ਦੇ ਇਕ ਦਿਨ 'ਧਰਮ ਪ੍ਰਚਾਰ ਕਾਨਫ਼ਰੰਸ' ਕੀਤੀ ਜਾਵੇ, ਜਿਸ ਦੌਰਾਨ ਸਿੱਖਾਂ ਦੀਆਂ ਸਮਾਜਿਕ ਅਤੇ ਧਾਰਮਿਕ ਪ੍ਰਾਪਤੀਆਂ ਅਤੇ ਸਾਲ ਭਰ ਦੀਆਂ ਗਤੀਵਿਧੀਆਂ ਦਾ ਲੇਖਾ-ਜੋਖਾ ਕੀਤਾ ਜਾਵੇ ਅਤੇ ਚੁਣੌਤੀਆਂ ਦਾ ਚਿੰਤਨ ਕਰਕੇ ਸਿੱਖ ਧਰਮ ਪ੍ਰਚਾਰ ਦੀ ਲਹਿਰ ਨੂੰ ਨਵੀਂ ਸੇਧ ਦੇਣ ਦੀਆਂ ਨੀਤੀਆਂ ਤੈਅ ਕੀਤੀਆਂ ਜਾਣ ।

ਅੱਜ ਜਦੋਂ ਵਿਦੇਸ਼ਾਂ ਵਿਚ ਸਿੱਖੀ ਪਛਾਣ, ਧਾਰਮਿਕ ਆਜ਼ਾਦੀ ਅਤੇ ਸੱਭਿਆਚਾਰਕ ਸਹਿਹੋਂਦ ਵਿਚ ਸਮੱਸਿਆਵਾਂ ਪੇਸ਼ ਆ ਰਹੀਆਂ ਹਨ ਤਾਂ ਹੋਲੇ-ਮਹੱਲੇ ਵਰਗਾ ਖ਼ਾਲਸਈ ਸੱਭਿਆਚਾਰ ਦਾ ਅਹਿਮ ਦਿਹਾੜਾ ਸਿੱਖ ਕੌਮ ਨੂੰ ਕੌਮਾਂਤਰੀ ਪੱਧਰ 'ਤੇ ਆਪਣੇ ਮੂਲ ਅਤੇ ਧਰਮ ਦੀ ਵਿਚਾਰਧਾਰਾ ਤੇ ਵਿਲੱਖਣਤਾ ਦੇ ਪ੍ਰਸਾਰ ਤੇ ਜਾਗਰੂਕਤਾ ਪੈਦਾ ਕਰਨ ਲਈ ਸਹਾਈ ਹੋ ਸਕਦਾ ਹੈ ।

ਪੱਛਮੀ ਦੇਸ਼ਾਂ, ਜਿਥੇ ਸਿੱਖਾਂ ਨੂੰ ਦਸਤਾਰ, ਕ੍ਰਿਪਾਨ ਜਾਂ ਹੋਰ ਸਿੱਖੀ ਪਹਿਰਾਵੇ 'ਤੇ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਥੇ ਕਿਤੇ ਸਿੱਖਾਂ ਪ੍ਰਤੀ ਨਸਲੀ ਭੁਲੇਖੇ ਪਾਏ ਜਾ ਰਹੇ ਹਨ, ਉਨ੍ਹਾਂ ਦੇਸ਼ਾਂ ਦੇ ਰਾਜਨੀਤਕਾਂ, ਸਮਾਜਿਕ ਨੁਮਾਇੰਦਿਆਂ ਅਤੇ ਧਾਰਮਿਕ ਆਗੂਆਂ ਨੂੰ ਹੋਲੇ-ਮਹੱਲੇ ਵਰਗੇ ਦਿਹਾੜਿਆਂ 'ਤੇ ਅਨੰਦਪੁਰ ਸਾਹਿਬ ਵਿਖੇ ਵਿਸ਼ੇਸ਼ ਤੌਰ 'ਤੇ ਬੁਲਾਉਣਾ ਚਾਹੀਦਾ ਹੈ, ਤਾਂ ਜੋ ਉਹ ਸਿੱਖ ਸੱਭਿਆਚਾਰ ਨੂੰ ਨੇੜਿਓਂ ਵੇਖ ਸਕਣ ਅਤੇ ਸਿੱਖ ਧਰਮ ਦੀ ਵੱਖਰੀ ਹੋਂਦ ਅਤੇ ਅਮਲਾਂ ਪ੍ਰਤੀ ਦੁਨੀਆ ਨੂੰ ਪ੍ਰਭਾਵੀ ਤਰੀਕੇ ਨਾਲ ਜਾਣੂ ਕਰਵਾਇਆ ਜਾ ਸਕੇ । ਇਸ ਮੌਕੇ ਪੰਜ ਤਖ਼ਤ ਸਾਹਿਬਾਨ ਦੀ ਸਰਪ੍ਰਸਤੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਇਕ ਪ੍ਰਭਾਵਸ਼ਾਲੀ ਅਤੇ ਅਨੁਸ਼ਾਸਨਬੱਧ 'ਮਹੱਲਾ' (ਨਗਰ ਕੀਰਤਨ) ਕੱਢਿਆ ਜਾਵੇ, ਜਿਹੜਾ ਦੁਨੀਆ ਭਰ ਵਿਚ ਸਿੱਖੀ ਜਾਹੋ-ਜਲਾਲ, ਅਨੁਸ਼ਾਸਨਬੱਧਤਾ ਅਤੇ ਇਤਫ਼ਾਕ ਦਾ ਨਾਯਾਬ ਨਮੂਨਾ ਬਣ ਕੇ ਸਾਹਮਣੇ ਆਵੇ ।

ਖ਼ਾਲਸਈ ਸੱਭਿਆਚਾਰ ਅਤੇ ਵਿਲੱਖਣਤਾ ਨੂੰ ਦਰਪੇਸ਼ ਚੁਣੌਤੀਆਂ ਨੂੰ ਦੂਰ ਕਰਨ ਅਤੇ ਦਸਮ ਪਿਤਾ ਦੇ ਦਰਸਾਏ ਨਿਰਾਲੇ ਤੇ ਅਣਖੀਲੇ ਰਾਹ 'ਤੇ ਕੌਮ ਨੂੰ ਤੋਰਨ ਲਈ ਸਿੱਖ ਆਗੂਆਂ, ਵਿਦਵਾਨਾਂ, ਧਾਰਮਿਕ ਸਰਬਰਾਹਾਂ ਅਤੇ ਬੁੱਧੀਜੀਵੀਆਂ ਨੂੰ ਆਪਣੀ ਜ਼ਿੰਮੇਵਾਰੀ ਸੰਭਾਲਣ ਲਈ ਅੱਗੇ ਆਉਣਾ ਚਾਹੀਦਾ ਹੈ ।

**ਜਨਮ ਦਿਨ ਨੂੰ ਸਮਰਪਿਤ**

# ਸਿਰਦਾਰ ਕਪੂਰ ਸਿੰਘ-ਸਿਆਣਪ ਅਤੇ ਅਣਖ ਦਾ ਪ੍ਰਤੀਕ

ਸਿਰਦਾਰ ਕਪੂਰ ਸਿੰਘ ਦਾ ਜਨਮ 2 ਮਾਰਚ 1909 ਨੂੰ ਸ੍ਰ ਦੀਦਾਰ ਸਿੰਘ ਦੇ ਘਰ ਲੁਧਿਆਣਾ ਜਿਲਖ਼ੇ ਦੇ ਪਿੰਡ ਚੱਕ ਵਿਖੇ ਹੋਇਆ ਸੀ। ਸ੍ਰ ਦੀਦਾਰ ਸਿੰਘ ਦਾ ਇੱਕ ਸਾਧਾਰਨ ਕਿਸਾਨ ਪਰਿਵਾਰ ਸੀ। ਸਿਰਦਾਰ ਕਪੂਰ ਸਿੰਘ ਨੇ ਮੁੱਢਲੀ ਵਿਦਿਆ ਲਾਇਲਪੁਰ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਆਪ ਨੇ ਐਮ ਏ ਫਿਲਾਸਫੀ ਗੌਰਮਿੰਟ ਕਾਲਜ ਲਾਹੌਰ ਤੋਂ 1931 ਵਿੱਚ ਕੀਤੀ। ਉਚੇਰੀ ਸਿਖਿਆ ਲਈ ਆਪ ਨੇ ਇੰਗਲੈਂਡ ਦੀ ਕੈਂਬਰਿਜ ਯੂਨੀਵਰਸਿਟੀ ਵਿੱਚ ਦਾਖਲਾ ਲੈ ਲਿਆ ਅਤੇ ਮਾਰਲ ਸਾਇੰਸਜ ਦੀ ਡਿਗਰੀ ਪ੍ਰਾਪਤ ਕੀਤੀ। ਯੂਨੀਵਰਸਿਟੀ ਨੇ ਆਪ ਦੀ ਲਿਆਕਤ ਨੂੰ ਵੇਖਦਿਆਂ ਆਪਨੂੰ ਉਥੇ ਲੈਕਚਰਾਰ ਰੱਖ ਲਿਆ। ਇਹ ਆਪਦੀ ਪਹਿਲੀ ਨੌਕਰੀ ਸੀ। ਦਿਹਾਤੀ ਪਿਛੋਕੜ ਵਾਲੇ ਵਿਅਕਤੀ ਦਾ ਏਨਾ ਹੁਸ਼ਿਆਰ ਹੋਣਾ ਇੱਕ ਵਿਲੱਖਣ ਗੱਲ ਸੀ। ਇਸ ਪੜਖ਼ਾਈ ਤੋਂ ਬਾਅਦ ਆਪਨੇ 1933 ਵਿੱਚ ਆਈ ਸੀ ਐਸ ਦੀ ਪ੍ਰੀਖਿਆ ਪਾਸ ਕਰ ਲਈ। ਇਸ ਤੋਂ ਬਾਅਦ ਆਪ ਨੂੰ ਪੰਜਾਬ ਦੇ ਕਈ ਜਿਲਿਖ਼ਆਂ ਵਿੱਚ ਡਿਪਟੀ ਕਮਿਸ਼ਨਰ ਲਗਾਇਆ ਗਿਆ। ਆਪਣੀ ਪ੍ਰਬੰਧਕੀ ਕਾਰਜ ਕੁਸ਼ਲਤਾ ਕਰਕੇ ਆਪ ਇੱਕ ਸਫਲ ਪ੍ਰਬੰਧਕ ਸਾਬਤ ਹੋਏ। ਪ੍ਰਬੰਧ ਵਿਚ ਹਰ ਮੁਸ਼ਕਲ ਦਾ ਹਲ ਉਹ ਆਪਣੀ ਲਿਆਕਤ ਨਾਲ ਕਰ ਲੈਂਦੇ ਸਨ। ਆਪ ਮਨੁਖੀ ਹੱਕਾਂ ਦੇ ਰਖਵਾਲੇ ਸਨ। ਆਪ ਕਿਸੇ ਵੀ ਵਿਅਕਤੀ ਨਾਲ ਨਾਂ ਤਾਂ ਜਿਆਦਤੀ ਕਰਦੇ ਸਨ ਅਤੇ ਨਾ ਹੀ ਜਿਆਦਤੀ ਹੋਣ ਦਿੰਦੇ ਸਨ। ਉਦੋਂ ਦੇ ਸਿਆਸੀ ਲੋਕਾਂ ਵਲੋਂ ਸਿੱਖਾਂ ਤੇ ਕੀਤੀਆਂ ਜਾਂਦੀਆਂ ਜਿਆਦਤੀਆਂ ਦਾ ਆਪ ਨੇ ਡੱਟਕੇ ਵਿਰੋਧ ਕੀਤਾ। ਆਪ ਅੰਗਰੇਜੀ, ਪੰਜਾਬੀ,ਉਰਦੂ,ਸੰਸਕ੍ਰਿਤ, ਪਰਸੀਅਨ ਅਤੇ ਅਰਬੀ ਭਾਸ਼ਾਵਾਂ ਦੇ ਮਾਹਿਰ ਸਨ। ਸਿੱਖ ਵਿਚਾਰਧਾਰਾ ਦੇ ਕੱਟੜ ਸਮੱਰਥਕ ਸਨ। ਸਿੱਖਾਂ ਤੇ ਹੋ ਰਹੀ ਹਰ ਜਿਆਦਤੀ ਦਾ ਆਪ ਨੇ ਹਮੇਸ਼ਾ ਵਿਰੋਧ ਕੀਤਾ ਭਾਵੇਂ ਆਪਨੂੰ ਉਸਦਾ ਖਮਿਆਜਾ ਵੀ ਭੁਗਤਣਾ ਪਿਆ। ਜਦੋਂ ਆਪ ਡਿਪਟੀ ਕਮਿਸ਼ਨਰ ਸਨ ਤਾਂ ਪੰਜਾਬ ਦੀ ਬ੍ਰਿਟਿਸ਼ ਸਰਕਾਰ ਵਲੋਂ ਸ੍ਰੀ ਚੰਦੂ ਲਾਲ ਤ੍ਰਿਵੇਦੀ ਰਾਜਪਾਲ ਨੇ ਇੱਕ ਸਰਕੂਲਰ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਭੇਜਿਆ ਗਿਆ, ਜਿਸ ਵਿੱਚ ਸਿੱਖਾਂ ਨੂੰ ਜਰਾਇਮ ਪੇਸ਼ਾ ਕਿਹਾ ਗਿਆ ਸੀ ਤੇ ਉਹਨਾ ਦੀਆਂ ਸਰਗਰਮੀਆਂ ਤੇ ਖਾਸ ਤੌਰ ਤੇ ਨਿਗਾਹ ਰੱਖਣ ਦੀ ਤਾਕੀਦ ਕੀਤੀ ਗਈ ਸੀ। ਇਸ ਹੁਕਮ ਨੂੰ ਵੇਖਕੇ ਸਿਰਦਾਰ ਕਪੂਰ ਸਿੰਘ ਦੇ ਮਨ ਨੂੰ ਵੱਡੀ ਠੇਸ ਲੱਗੀ। ਇਸ ਲਈ ਆਪਨੇ ਇਸਦਾ ਡੱਟਕੇ ਵਿਰੋਧ ਕੀਤਾ ਤੇ ਇਸ ਸੰਬੰਧੀ ਇੱਕ ਸਖਤ ਜਿਹਾ ਪੱਤਰ ਸਰਕਾਰ ਨੂੰ ਭੇਜਿਆ, ਜਿਸ ਵਿੱਚ ਇਸ ਪੱਤਰ ਨੂੰ ਵਾਪਸ ਲੈਣ ਲਈ ਕਿਹਾ ਗਿਆ। ਸਰਕਾਰ ਨੇ ਉਹ ਪੱਤਰ ਤਾਂ ਵਾਪਸ ਕੀ ਲੈਣਾ ਸੀ ਸਗੋਂ ਸਿਰਦਾਰ ਕਪੂਰ ਸਿੰਘ ਨੂੰ ਨੌਕਰੀ ਅਤੇ ਆਈ ਸੀ ਐਸ ਵਿੱਚੋਂ ਹੀ ਬਰਖਾਸਤ ਕਰ ਦਿੱਤਾ।ਉਹਨਾ ਇਸ ਹੁਕਮ ਨੂੰ ਪਹਿਲਾਂ ਹਾਈ ਕੋਰਟ ਅਤੇ ਫਿਰ ਸੁਪਰੀਮ ਕੋਰਟ ਵਿੱਚ ਚੈਲੰਜ ਕੀਤਾ ਅਤੇ ਆਪਣਾ ਕੇਸ ਹਰ ਥਾਂ ਤੇ ਆਪ ਹੀ ਲੜਿਆ ਪ੍ਰੰਤੂ ਸਰਕਾਰ ਨੇ ਆਪ ਨੂੰ ਦੇਸ਼ ਧਰੋਹੀ ਕਹਿਕੇ ਬਹਾਲ ਨਾ ਕੀਤਾ। ਕਚਹਿਰੀਆਂ ਨੇ ਵੀ ਆਪ ਦੀ ਸੁਣਵਾਈ ਨਾ ਕੀਤੀ। ਆਪ ਸਰਕਾਰ ਦੇ ਇਸ ਫੈਸਲੇ ਤੋਂ ਬਾਅਦ ਵੀ ਥਿੜਖ਼ਕੇ ਨਹੀਂ ਸਗੋਂ ਹੋਰ ਸੰਜੀਦਗੀ ਨਾਲ ਸਿੱਖੀ ਵਿਚਾਰਧਾਰਾ ਦੀ ਪੈਰਵਾਈ ਕਰਦੇ ਰਹੇ।ਰਾਜਪਾਲ ਨੇ ਆਪਨੂੰ ਪੰਜਾਬੀ ਸੂਬੇ ਦਾ ਪੱਕਾ ਸਪੋਰਟਰ ਵੀ ਕਿਹਾ। ਆਪ ਆਸਟਰਾਲੋਜੀ, ਆਰਕੀਟੈਕਚਰ,ਸਪੇਸ ਸਾਇੰਸ ਅਤੇ ਸਿੱਖੀ ਵਿਚਾਰਧਾਰਾ ਦੇ ਮਾਹਿਰ ਗਿਣੇ ਜਾਂਦੇ ਸਨ। ਅੱਜ ਤੱਕ ਉਹਨਾ



ਜਿੰਨਾ ਵਿਦਵਾਨ ਤੇ ਸਿੱਖੀ ਵਿਚਾਰਧਾਰਾ ਦਾ ਪਰਪੱਕ ਵਿਆਖਿਆਕਾਰ ਨਹੀਂ ਹੋਇਆ। ਆਪ ਇੱਕ ਬੁਧੀਜੀਵੀ ਸਿਆਸਤਦਾਨ, ਪਾਰਲੀਮੈਂਟੇਰੀਅਨ,ਦਰਸ਼ਨ ਤੇ ਹਿਸਟਰੀ ਤੇ ਲਿਟਰੇਚਰ ਤੇ ਅਥਾਰਿਟੀ ਸਨ। ਉਹਨਾ ਨਾਲ ਕੋਈ ਵੀ ਵਿਅਕਤੀ ਕਿਸੇ ਵੀ ਵਿਸ਼ੇ ਤੇ ਕਦੀ ਵੀ ਗੱਲ ਕਰ ਸਕਦਾ ਸੀ। ਸਿੱਖੀ ਦੀ ਏਨੀ ਡੂੰਘੀ ਜਾਣਕਾਰੀ ਉਹਨਾ ਨੂੰ ਸੀ ਕਿ ਉਹ ਕਮਾਲ ਹੀ ਕਰ ਦਿੰਦੇ ਸਨ ਤੇ ਸੁਣਨ ਵਾਲਾ ਵਿਅਕਤੀ ਹੈਰਾਨ ਪ੍ਰੇਸ਼ਾਨ ਹੋ ਜਾਂਦਾ ਸੀ। ਉਹਨਾ ਦਾ ਭਾਸਣ ਸੁਣਕੇ ਇੱਕ ਆਮ ਵਿਅਕਤੀ ਤਾਂ ਕੀ ਹਰ ਪੜਿਖ਼ਆ ਲਿਖਿਆ ਵਿਅਕਤੀ ਹੈਰਾਨ ਹੋ ਜਾਂਦਾ ਸੀ। ਇਸੇ ਕਰਕੇ ਆਪਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰੋਫੈਸਰ ਆਫ ਸਿਖਿਜਮ ਦਾ ਖਿਤਾਬ ਦਿੱਤਾ ਗਿਆ ਸੀ। ਉਹ ਦਬੰਗ, ਦ੍ਰਿੜਖ਼ ਇਰਾਦੇ ਵਾਲੇ ਤੇ ਇਮਾਨਦਾਰ ਇਨਸਾਨ ਸਨ। ਲਾਲਚ, ਫਰੇਬ, ਧੋਖਾ ਤੇ ਹੋਰ ਕੋਈ ਮਾੜੀ ਗੱਲ ਬਾਰੇ ਉਹ ਸੋਚ ਹੀ ਨਹੀਂ ਸਕਦੇ ਸਨ। ਆਪ ਇੱਕ ਸੱਚੇ ਸੁੱਚੇ ਉੱਚੇ ਕਿਰਦਾਰ ਦੇ ਮਾਲਕ ਸਨ ਪ੍ਰੰਤੂ ਅਥਾਹ ਦੁੱਖ ਦੀ ਗੱਲ ਹੈ ਕਿ ਸਿੱਖਾਂ ਤੇ ਖਾਸ ਤੌਰ ਤੇ ਅਕਾਲੀ ਦਲ ਨੇ ਉਹਨਾ ਦੀ ਲਿਆਕਤ ਦਾ ਮੁੱਲ ਨਹੀਂ ਪਾਇਆ। ਉਹਨਾ ਨੂੰ ਸਿਆਸੀ ਤੌਰ ਤੇ ਉਭਰਨ ਹੀ ਨਹੀਂ ਦਿੱਤਾ ਗਿਆ। ਹੈਰਾਨੀ ਦੀ ਗੱਲ ਹੈ ਕਿ ਹਰ ਗੁੰਝਲਦਾਰ ਸਮੱਸਿਆ ਤੇ ਵਿਚਾਰ ਤਾਂ ਸਿਰਦਾਰ ਕਪੂਰ ਸਿੰਘ ਤੋਂ ਲੈ ਲਏ ਜਾਂਦੇ ਸਨ ਤੇ ਸੁਲਝਾ ਵੀ ਲਿਆ ਜਾਂਦਾ ਸੀ ਪ੍ਰੰਤੂ ਇਸਦਾ ਕਰੈਡਿਟ ਹਮੇਸ਼ਾ ਆਪ ਲੈ ਲਿਆ ਜਾਂਦਾ ਰਿਹਾ। ਉਦਾਹਰਨ ਦੇ ਤੌਰ ਤੇ ਸ੍ਰੀ ਆਨੰਦਪੁਰ ਸਾਹਿਬ ਦਾ ਮਤਾ ਜਿਹੜਾ ਅੱਜ ਤੱਕ ਵੀ ਚਰਚਾ ਦਾ ਵਿਸ਼ਾ ਹੈ, ਸਿਰਦਾਰ ਕਪੂਰ ਸਿੰਘ ਨੇ ਤਿਆਰ ਕੀਤਾ ਸੀ ਤੇ ਇਸਦਾ ਕਰੈਡਿਟ ਕਈ ਲੋਕ ਲੈਣ ਦੀ ਕੋਸ਼ਿਸ਼ ਕਰਦੇ ਹਨ। ਆਪ ਐਡੇ ਵੱਡੇ ਤੇ ਬੇਪਰਵਾਹ ਵਿਅਕਤੀ ਸਨ, ਇਹਨਾਂ ਗੱਲਾਂ ਨੂੰ ਛੋਟੀਆਂ ਗੱਲਾਂ ਕਹਿਕੇ ਟਾਲ ਜਾਂਦੇ ਸਨ। ਆਪ ਨੂੰ ਅਕਾਲੀ ਦਲ ਨੇ ਮਜਬੂਰੀ ਵਸ 1962 ਵਿੱਚ ਲੁਧਿਆਣਾ ਤੋਂ ਲੋਕ ਸਭਾ ਦਾ ਟਿਕਟ ਦਿੱਤਾ ਤੇ ਆਪ ਉਹ ਚੋਣ ਜਿਤਕੇ ਲੋਕ ਸਭਾ ਦੇ ਮੈਂਬਰ ਬਣ ਗਏ। ਲੋਕ ਸਭਾ ਵਿੱਚ ਆਪਦੇ ਬਿਆਨ ਮੀਲ ਪੱਥਰ ਸਾਬਤ ਹੋਏ ਹਨ। ਆਪ ਵਲੋਂ 6 ਸਤੰਬਰ 1969 ਨੂੰ ਲੋਕ ਸਭਾ ਵਿੱਚ ਸਿੱਖਾਂ ਨਾਲ ਧੋਖਾ ਬਾਰੇ ਦਿੱਤਾ ਗਿਆ ਬਿਆਨ ਉਹਨਾ ਦੀ ਲਿਆਕਤ,ਸਿਆਣਪ,ਵਿਦਵਤਾ, ਦ੍ਰਿੜਖ਼ਤਾ,ਸਿੱਖੀ ਪ੍ਰਤੀ ਪ੍ਰਤੀਬੱਧਤਾ ਦਾ ਸਬੂਤ ਹੈ ਜੋ ਅੱਜ ਤੱਕ ਵੀ ਸਾਰਥਕ ਹੈ। ਇਸ ਤੋਂ ਬਾਅਦ ਉਹਨਾ ਨੂੰ ਪੰਜਾਬ ਵਿਧਾਨ ਸਭਾ ਦੀਆਂ ਚੋਣਾ ਮੌਕੇ 1969 ਵਿੱਚ ਅਕਾਲੀ ਦਲ ਨੇ ਟਿਕਟ ਦਿੱਤਾ ਅਤੇ ਆਪ ਜਿੱਤਕੇ ਮੈਂਬਰ ਬਣ ਗਏ। ਅਕਾਲੀ ਵੀ ਉਹਨਾ ਦੇ ਵਿਅਕਤੀਤਿਤਵ,ਵਿਦਵਤਾ ਅਤੇ ਅਗਰੈਸਿਵ ਵਿਚਾਰਧਾਰਾ ਤੋਂ ਡਰਦੇ ਸਨ,ਇਸ ਲਈ ਉਹਨਾ ਕਦੀ ਵੀ ਆਪ ਨੂੰ ਮੰਤਰੀ ਨਹੀਂ ਬਣਾਇਆ ਅਤੇ ਅੱਗੇ ਵਾਸਤੇ ਡਰਦਿਆਂ ਟਿਕਟ ਵੀ ਨਹੀਂ ਦਿੱਤਾ। ਉਹਨਾ ਦੀ ਚੋਣਾਂ ਮੌਕੇ ਵੀ ਹਮੇਸ਼ਾ ਵੋਟਰਾਂ ਨੂੰ ਇਹੋ ਅਪੀਲ ਹੁੰਦੀ ਸੀ ਕਿ ਪੂਰਨ ਗੁਰਸਿੱਖ ਹੀ ਉਹਨਾ ਨੂੰ ਵੋਟ ਪਾਉਣ ,ਉਹ ਪਤਿਤਾਂ ਦੀ ਵੋਟ ਨਹੀਂ ਲੈਣੀ ਚਾਹੁੰਦੇ ਸਨ। ਸਿਰਦਾਰ ਕਪੂਰ ਸਿੰਘ ਨੇ ਸਿਧੇ ਤੌਰ ਤੇ ਕਦੀ ਵੀ ਖਾਲਿਸਤਾਨ ਦੀ ਮੰਗ ਨਹੀਂ ਕੀਤੀ ਪ੍ਰੰਤੂ ਆਪਣੀ ਵਿਦਵਤਾ ਨਾਲ ਸਿੱਖ ਸਟੇਟ ਦੀ ਮੰਗ ਕੀਤੀ ਸੀ ,ਉਹ ਵੀ ਭਾਰਤੀ ਸੰਵਿਧਾਨ ਦੇ ਅੰਦਰ ਰਹਿੰਦਿਆਂ ਹੀ,ਪ੍ਰੰਤੂ ਹੈਰਾਨੀ ਦੀ ਗੱਲ ਹੈ ਕਿ ਉਹਨਾ ਪ੍ਰਤੀ ਪ੍ਰਭਾਵ ਇਹੋ ਪਾਇਆ ਗਿਆ ਹੈ ਕਿ ਉਹ ਖਾਲਿਸਤਾਨ ਦਾ ਹਾਮੀ ਤੇ ਦੇਸ਼ ਧਰੋਹੀ ਸੀ। ਸਿੱਖਾਂ ਦੇ ਹਿੱਤਾਂ ਦੀ ਰਾਖੀ ਲਈ ਗਲ ਕਰਨਾ ਅਤੇ ਜਿਆਦਤੀਆਂ ਦਾ ਵਿਰੋਧ ਕਰਨ ਨੂੰ ਦੇਸ਼ ਧਰੋਹੀ ਕਹਿਣਾ ਸਰਾਸਰ ਬੇਇਨਸਾਫੀ ਹੈ।



**ਉਜਾਗਰ ਸਿੰਘ**

ਇਤਿਹਾਸ ਵਿੱਚ ਇੱਕੋ ਇੱਕ ਮਰਦੇ ਮੁਜਾਹਦ ਸਿਰਦਾਰ ਕਪੂਰ ਸਿੰਘ ਦਾ ਨਾਂ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ।

ਆਪ ਇੱਕ ਸੁਦ੍ਰਿੜਖ਼ ਤੇ ਬੁਧੀਜੀਵੀ ਲੇਖਕ ਵੀ ਸਨ। ਆਪ ਦੀਆਂ ਪੁਸਤਕਾਂ ਵਿੱਚ ਵਾਰਤਕ ਰਚਨਾਵਾਂ ਪੁੰਦਰੀਕ,ਬਹੁਵਿਸਤਾਰ,ਸਪਤ ਸ੍ਰਿੰਗ ਅਤੇ ਪ੍ਰਾਸ਼ਰ ਪ੍ਰਸ਼ਨਾਵਲੀ ਹਨ। ਇਹਨਾ ਵਿੱਚੋਂ ਸਪਤ ਸ੍ਰਿੰਗ ਜੀਵਨੀ ਲੇਖਾਂ ਦੇ ਰੂਪ ਵਿੱਚ ਹੈ। ਇਸਦੇ ਨਾਲ ਪੰਜਾਬੀ ਨਿਬੰਧ ਕਲਾ ਵਿੱਚ ਪ੍ਰੌੜ ਰੂਪ ਦੀ ਬੌਧਿਕ ਤੇ ਵਿਗਿਆਨਕ ਸ਼ੈਲੀ ਦਾ ਵਾਧਾ ਹੋਇਆ ਹੈ। ਉਹਨਾ ਆਪਣੀਆਂ ਰਚਨਾਵਾਂ ਨੂੰ ਦਰਸ਼ਨ,ਵਿਗਿਆਨ ਅਤੇ ਸਾਹਿਤ ਦੇ ਵਿਸ਼ੇਸ਼ ਰੂਪ ਵਿੱਚ ਢਾਲਕੇ ਬੌਧਿਕ ਅਤੇ ਵਿਦਵਤਾ ਪੂਰਨ ਸ਼ੈਲੀ ਅਤੇ ਮੌਲਿਕ ਰੰਗ ਦਿੱਤਾ ਹੈ। ਆਪਦਾ ਦ੍ਰਿਸ਼ਟੀਕੋਣ ਸੰਪਰਦਾਈ ਅਤੇ ਸੰਕੀਰਨ ਨਾ ਹੋ ਕੇ ਵਿਸ਼ਾਲ ਤੇ ਪਰਪੱਕ ਸੀ। ਉਹਨਾ ਆਪਣੀ ਪੁਸਤਕ ਪ੍ਰਾਸ਼ਰ ਪ੍ਰਸ਼ਨਾਵਲੀ ਸਿੱਖ ਸਿਧਾਂਤਾਂ ਦੀ ਆਧੁਨਿਕ ਵਿਆਖਿਆ ਕੀਤੀ ਹੈ। ਸਿੱਖ ਮੱਤ ਸੰਬੰਧੀ ਆਪਦੇ ਵਿਚਾਰ ਬੜੇ ਪਰਪੱਕ,ਮੌਲਿਕ ਤੇ ਕਰਾਂਤੀਕਾਰੀ ਸਨ ਜਿਸ ਕਰਕੇ ਇਸਨੂੰ ਸਿੱਖ ਦਰਸ਼ਨ ਦਾ ਉਗਰਵਾਦੀ ਵਿਆਖਿਆਕਾਰ ਕਹਿਕੇ ਭੁਲੇਖੇ ਪਾਏ ਗਏ ਹਨ।ਸਿਰਦਾਰ ਕਪੂਰ ਸਿੰਘ ਪੂਰਨ ਗੁਰਸਿਖ ਅਤੇ ਐਨੀਆਂ ਦੁਸ਼ਾਵਰੀਆਂ ਅਤੇ ਸਿਆਸੀ ਸਿੱਖਾਂ ਵਲੋਂ ਅਣਡਿਠ ਕਰਨ ਦੇ ਬਾਵਜੂਦ ਉਹ ਹਮੇਸ਼ਾ ਚੜਖ਼ਦੀ ਕਲਾ ਵਿੱਚ ਰਹੇ ਅਤੇ ਜ਼ਿੰਦਗੀ ਤੋਂ ਪੂਰੇ ਸੰਤੁਸ਼ਟ ਸਨ। ਆਪਣਾ ਆਖਰੀ ਸਮਾਂ ਵੀ ਬੜੀ ਫਰਾਖਦਿਲੀ ਨਾਲ ਸਾਦਗੀ ਨਾਲ ਬਿਤਾਇਆ ।ਕਦੀ ਕੋਈ ਲਿਫਾਫੇਬਾਜੀ ਨਹੀਂ ਕੀਤੀ। ਅਖੀਰ 18 ਅਗਸਤ 1986 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਆਪਣਾ ਸਾਰਾ ਜੀਵਨ ਆਨ ਅਤੇ ਸ਼ਾਨ ਨਾਲ ਗੁਜਾਰਿਆ। ਅਕਾਲੀ ਦਲ ,ਸਿੱਖ ਜਗਤ ਅਤੇ ਬੁਧੀਜੀਵੀ ਜਿਹੜੇ ਉਹਨਾਂ ਦੀ ਵਿਦਵਤਾ ਤੋਂ ਖਾਰ ਖਾਂਦੇ ਸਨ, ਹੁਣ ਇਸੇ ਕਰਕੇ ਕੋਈ ਵੀ ਉਹਨਾਂ ਦੀ ਯਾਦ ਵਿੱਚ ਭਾਰਤ ਵਿੱਚ ਕੋਈ ਸਮਾਗਮ ਕਰਨ ਨੂੰ ਤਿਆਰ ਨਹੀਂ।ਕੈਨੇਡਾ ਵਿੱਚ ਹਰ ਸਾਲ ਦੀ ਤਰਖ਼ਾਂ ਇਸ ਵਾਰ ਵੀ ਪੰਜਾਬੀ ਅਦਬੀ ਸੰਗਤ ਲਿਟਰੇਰੀ ਸੋਸਾਇਟੀ ਆਫ ਕੈਨੇਡਾ ਨਿਊਟਨ ਪਬਲਿਕ ਲਾਇਬਰੇਰੀ ਸਰੀ ਵਿੱਚ ਉਸ ਮਹਾਨ ਸਿੱਖ ਚਿੰਤਕ ਦੀ ਯਾਦ ਵਿੱਚ ਸਮਾਗਮ ਕਰ ਰਹੀ ਹੈ।







ਐਡਮਿੰਟਨ (ਕੈਨੇਡਾ) ਦੇ ਲੇਕਵੁੱਡ ਕਮਿਊਨਿਟੀ ਲੀਗ ਹਾਲ ਵਿਖੇ ਸਤਿਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਬੀਤੀ 22 ਫਰਵਰੀ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਅਲਬਰਟਾ ਦੇ ਵਿਧਾਇਕ ਨਰੇਸ਼ ਭਾਰਦਵਾਜ, ਅਮਰਜੀਤ ਸੋਹਪਾਲ, ਕੌਂਸਲਰ ਐਡਮਿੰਟਨ ਸਿਟੀ ਕੌਂਸਲ, ਮਥੁਰਾ ਪ੍ਰਸਾਦ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸੁਸਾਇਟੀ ਕੈਲਗਰੀ ਅਤੇ ਹੋਰ ਪਤਵੰਤੇ ਸੱਜਣ ਹਾਜਰ ਹੋਏ। ਇਸ ਮੌਕੇ ਸੰਗਤਾਂ ਨੂੰ ਗੁਰੂ ਜੀ ਦੇ ਉਪਦੇਸ਼ ਨਾਲ ਜੋੜਨ ਲਈ ਅਮਰਜੀਤ ਪਵਾਰ, ਪਵਨ ਪ੍ਰੀਤ, ਸਤਪਾਲ ਮਹੇ, ਬਲਵੀਰ ਬੰਗੜਾ ਅਤੇ ਹੋਰ ਸਾਥੀਆਂ ਨੇ ਮਿਸ਼ਨਰੀ ਕਵਿਤਾਵਾਂ ਪੇਸ਼ ਕੀਤੀਆਂ।

# ‘ਐਸੀ ਲਾਲ ਤੁਝ ਬਿਨੁ ਕਉਨੁ ਕਰੈ।’

ਸਤਿਗੁਰੂ ਰਵਿਦਾਸ ਜੀ ਨੂੰ ਭਗਤੀ ਦੀ ਚੇਤਨਾ ਵੱਲ ਖਿੱਚਣ ਲਈ ਸਭ ਤੋਂ ਪਹਿਲਾ ਅਹਿਸਾਸ ਪੌਰਾਣਿਕ ਕਾਲ ਦੇ ਭਗਤਾਂ ਦੀ ਸਮਾਜ ਵਿਚ ਮਾਨਤਾ ਅਤੇ ਲੋਭਾਂ ਤੋਂ ਜਾਗਿਆ। ਇਸ ਦਾ ਪ੍ਰਮਾਣ ਨਿਮਨ-ਲਿਖਤ ਸੱਤਰਾਂ ਤੋਂ ਦੇਖਿਆ ਜਾ ਸਕਦਾ ਹੈ:-

ਰੇ ਚਿਤ ਚੇਤਿ ਚੇਤ ਅਚੇਤ। ਕਾਹੇ ਨ ਬਾਲਮੀਕਹਿ ਦੇਖ।।
ਨਿਸੁ ਜਾਤਿ ਤੇ ਕਿਹ ਪਦਮ ਅਮਰਿਓ ਰਾਮ ਭਗਤਿ ਬਿਸੇਖ।।
ਸੁਆਨ ਸਤ੍ਰ ਅਜਾਤ ਸਭ ਤੇ ਕ੍ਰਿਸਨ ਲਾਵੈ ਹੇਤੁ।।
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ।।
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ।।
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ।।

ਸਤਿਗੁਰੂ ਰਵਿਦਾਸ ਜੀ ਨੂੰ ਭਗਤੀ ਕਰਨ ਦੀ ਪ੍ਰੇਰਨਾ ਆਪਣੇ ਸਮਕਾਲੀ ਭਗਤਾਂ ਤੋਂ ਵੀ ਮਿਲੀ। ਉਹਨਾਂ ਦੀ ਫੈਲ ਰਹੀ ਪ੍ਰਸਿੱਧੀ ਤੇ ਸੋਭਾ ਨੇ ਵੀ ਉਹਨਾਂ ਨੂੰ ਪ੍ਰਭੂ-ਭਗਤੀ ਵੱਲ ਖਿੱਚਿਆ। ਇਸ ਦੀ ਉਦਾਹਰਣ ਵੀ ਨਿਮਨ-ਲਿਖਤ ਸੱਤਰਾਂ ਤੋਂ ਮਿਲਦੀ ਹੈ:

ਰੇ ਚਿਤ ਚੇਤਿ ਚੇਤ ਅਚੇਤ। ਕਾਹੇ ਨ ਬਾਲਮੀਕਹਿ ਦੇਖ।।
ਨਿਸੁ ਜਾਤਿ ਤੇ ਕਿਹ ਪਦਮ ਅਮਰਿਓ ਰਾਮ ਭਗਤਿ ਬਿਸੇਖ।।
ਸੁਆਨ ਸਤ੍ਰ ਅਜਾਤ ਸਭ ਤੇ ਕ੍ਰਿਸਨ ਲਾਵੈ ਹੇਤੁ।।
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ।।
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ।।
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ।।

ਸਤਿਗੁਰੂ ਰਵਿਦਾਸ ਜੀ ਨੂੰ ਭਗਤੀ ਕਰਨ ਦੀ ਪ੍ਰੇਰਨਾ ਆਪਣੇ ਸਮਕਾਲੀ ਭਗਤਾਂ ਤੋਂ ਵੀ ਮਿਲੀ। ਉਹਨਾਂ ਦੀ ਫੈਲ ਰਹੀ ਪ੍ਰਸਿੱਧੀ ਤੇ ਸ਼ੋਭਾ ਨੇ ਵੀ ਉਹਨਾਂ ਨੂੰ ਪ੍ਰਭੂ ਭਗਤੀ ਵੱਲ ਖਿੱਚਿਆ। ਇਸ ਦੀ ਉਦਾਹਰਣ ਵੀ ਨਿਮਨ-ਲਿਖਤ ਸੱਤਰਾਂ ਤੋਂ ਮਿਲਦੀ ਹੈ:

ਹਰਿ ਕੇ ਨਾਮ ਕਬੀਰ ਉਜਾਗਰ।। ਜਨਮ ਜਨਮ ਕੇ ਕਾਟੇ ਕਾਗਰ।।
ਨਿਮਤ ਨਾਮਦੇਉ ਦੂਧ ਪੀਆਇਆ।। ਤਉ ਜਗ ਜਨਮ ਸੰਕਟ ਨਹੀਂ ਆਇਆ।।
ਨਾਮਦੇਵ ਕਬੀਰ ਤ੍ਰਿਲੋਚਨ ਸਧਨਾ ਸੈਨੁ ਤਰੈ।।
ਕਹਿ ਰਵਿਦਾਸ ਸੁਣਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।।

ਸਤਿਗੁਰੂ ਰਵਿਦਾਸ ਜੀ ਦੇ ਮਨ ਵਿਚ ਕਈ ਤਰ੍ਹਾਂ ਦੇ ਪ੍ਰਸ਼ਨ ਉੱਠਣ ਲੱਗੇ। ਜਿਹਨਾਂ ਮਹਾਨ ਸ਼ਖਸੀਅਤਾਂ ਬਾਰੇ ਉਕਤ ਜ਼ਿਕਰ ਕੀਤਾ ਹੈ, ਉਹਨਾਂ ਨੂੰ ਕਿਸ ਚੀਜ਼ ਨੇ ਉਭਾਰਿਆ ਹੈ? ਪ੍ਰੇਮਾ ਭਗਤੀ ਨੇ, ਉਹ ਪ੍ਰੇਮਾ ਭਗਤੀ ਕਿਵੇਂ ਜਾਗੀ? ਮਨ ਦੀਆਂ ਗੰਢਾਂ ਤੇ ਸੰਸੇ ਕਿਵੇਂ ਖੁੱਲ੍ਹਣ? 'ਰਾਮ ਸੰਸੇ ਗਾਂਠ ਨ ਖੋਲੇ'। ਇਸ ਤਰ੍ਹਾਂ ਦੇ ਪ੍ਰਸ਼ਨ ਭਗਤ ਜੀ ਦੇ ਮਨ ਅੰਦਰ ਉੱਠਣ ਲੱਗੇ। ਆਤਮਕ ਸੰਘਰਸ਼ ਹੋਣਾ ਸ਼ੁਰੂ ਹੋਇਆ। ਉਹਨਾਂ ਦੇ ਮਨ ਦੀ ਉਦਾਸੀ ਉਹਨਾਂ ਲਈ ਸੰਤਾਪ ਦੇ ਰੂਪ ਵਿਚ ਉਭਰਦੀ ਰਹੀ, ਜਦੋਂ ਤੱਕ ਉਹਨਾਂ ਨੇ ਜਗਤ ਗੁਰੂ ਪਾਰਬ੍ਰਹਮ ਜੀ ਤੋਂ ਨਾਮ ਪ੍ਰਾਪਤ ਨਾ ਕਰ ਲਿਆ। ਪ੍ਰਾਪਤੀ ਪਿੱਛੋਂ ਸਤਿਗੁਰੂ ਨੂੰ ਸਿੱਧਾ ਸੰਬੋਧਨ ਕੀਤਾ, ਇਹ ਭਾਵਨਾ ਉਹਨਾਂ ਰਚਿਤ ਵਾਕਾਂ ਤੋਂ ਇਸ ਤਰ੍ਹਾਂ ਸਪਸ਼ਟ ਹੁੰਦੀ ਹੈ:

ਤੁਮ ਕਹੀਅਤ ਹੋ ਜਗਤ ਗੁਰ ਸੁਆਮੀ।।
ਹਮ ਕਹੀਅਤ ਕਲਿਜੁਗ ਕੇ ਕਾਮੀ।।

ਸਭਨਾਂ ਦੇ ਦੁੱਖ ਹਰਨ ਵਾਲੇ ਹਰੀ ਮੇਰੇ ਉਪਰ ਛਾਇਆ ਕੋਪ ਹਰੋ, ਮੈਨੂੰ ਮਾਰਗ ਪਾਵੋ:

ਪਰਹਰਿ ਕੋਪੁ ਕਰਹੁ ਜੀਅ ਕਾਇਆ।।

ਰਵਿਦਾਸ ਜੀ ਦੇ ਅੰਦਰ ਪ੍ਰੇਮਾ ਭਗਤੀ ਜਾਗੀ, ਪਾਰਬ੍ਰਹਮ ਗੁਰੂ ਦੀ ਆਹਟ ਅੰਦਰੋਂ ਮਹਿਸੂਸ ਕੀਤੀ। ਸਤਿ ਸੰਗਤ ਪ੍ਰੇਮਾ ਭਗਤੀ ਜਗਾਉਣ ਦਾ ਸਾਧਨ ਬਣਿਆ, ਇਸ ਨਾਲ ਸਿਮਰਨ ਦਾ ਰਸ ਆਉਣ ਲੱਗਿਆ: 'ਸਤ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ।।' ਪਾਰ ਬ੍ਰਹਮ ਦੀ ਕਿਰਪਾ ਨਾਲ ਹਿਰਦੇ ਪ੍ਰਕਾਸ਼ ਹੋਇਆ: 'ਸਤਿਗੁਰੂ ਗਿਆਨ ਜਾਨੈ ਸੰਤ ਦੇਵਾ ਦੇਤੁ।।' ਮਨ ਵਿਚੋਂ ਪਾਰਬ੍ਰਹਮ ਗੁਰੂ ਨੇ ਅਗਿਆਨਤਾ ਹਟਾ ਦਿੱਤੀ, ਆਤਮਾ ਨੂੰ ਪ੍ਰਕਾਸ਼ ਦੇ ਨੂਰ ਨਾਲ ਭਰ ਦਿੱਤਾ:

ਉਪਜਿਓ ਗਿਆਨ ਹੂਆ ਪਰਗਾਸ।।
ਕਰਿ ਕ੍ਰਿਪਾ ਲੀਨੇ ਕੀਟ ਦਾਸ।।

ਪ੍ਰੇਮਾ ਭਗਤੀ ਵਿਚ ਪ੍ਰੀਤ ਪੱਕੀ ਹੋਈ, ਦ੍ਰਿੜਤਾ ਆਈ, ਜਗਿਆਸਾ ਵਧੀ, ਪ੍ਰਭੂ ਦਾ ਪ੍ਰੇਮ ਜੀਵਨ ਦਾ ਆਧਾਰ ਬਣ ਗਿਆ। ਆਨੰਦ ਦੀ ਪ੍ਰਾਪਤੀ ਲਈ ਜੀਵਨ ਦਾ ਪਲ-ਪਲ, ਛਿਨ-ਛਿਨ ਅਰਪਣ ਕਰ ਦਿੱਤਾ, ਕਿਵੇਂ ਪਾਰਬ੍ਰਹਮ ਗੁਰੂ ਦੀ ਕਿਰਪਾ ਨਾਲ ਨਿਰੰਜਨ ਦੀ ਪ੍ਰਾਪਤੀ ਹੋਵੇ, ਇਹੋ ਟੀਚਾ ਸਾਹਮਣੇ ਰਹਿ ਗਿਆ:

ਤਨ ਮਨੁ ਅਰਪਉ ਪੂਜ ਚਰਾਵਉ।।
ਗੁਰ ਪਰਸਾਦਿ ਨਿਰੰਜਨ ਪਾਵਉ।।

ਪਾਰਬ੍ਰਹਮ ਗੁਰੂ ਕਿਰਪਾ ਨਾਲ ਨਿਰੰਜਨ ਦੀ ਪ੍ਰਾਪਤੀ ਹੋਈ, ਉਹਨਾਂ ਦੇ ਬਚਨਾਂ ਦੀ ਅੰਦਰੋਂ ਆਵਾਜ਼ ਆਈ, 'ਬਚਨੀ ਤੋਰਿ ਮੋਰਿ ਮਨ ਮਾਨੈ' ਰਵਿਦਾਸ ਜੀ ਦੀ ਰੂਹ ਧੰਨਵਾਦੀ ਭਾਵਾਂ ਨਾਲ ਝੂੰਮ ਉਠੀ ਕ੍ਰਿਤੱਗਤਾ ਦੀ ਧੁਨੀ ਗੂੰਜ ਪਈ:

ਜਾ ਕੀ ਛੋਤ ਜਗਤ ਕਉ ਲਾਗੇ ਤਾ ਪਰ ਤੁਹੀ ਢਰੈ।

ਕਾਮ ਕ੍ਰੋਧ ਆਦਿ ਸੰਸਾਰਕ ਪਦਾਰਥਾਂ ਦੇ ਰਸਾਂ ਵਿਚ ਗ੍ਰਸਤ ਹੋਏ ਮਨੁੱਖਾਂ ਵਿਚ ਉਹਨਾਂ ਸਮਝਿਆ ਗਿਆਨ ਦੀਪ ਦੀ ਲੋਅ ਮੱਧਮ ਪੈ ਜਾਂਦੀ ਹੈ। ਅਵਿਦਿਆ ਕਾਰਨ ਮਤ ਮਲੀਨ ਰਹਿੰਦੀ ਹੈ। ਗੁਰੂ ਬਖਸ਼ੇ ਗਿਆਨ ਨਾਲ ਮਨ ਨਿਰਮਲ ਹੁੰਦਾ ਹੈ। ਸੁਮੱਤ ਮਿਲਦੀ ਹੈ,ਤੱਤ ਸਮਝਣ ਦੀ ਜਾਚਨਾ ਵਰ ਆਉਂਦੀ ਹੈ:-

ਮਲਕ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਏ।
ਕਰਹੁ ਕ੍ਰਿਪਾ ਭ੍ਰਮ ਚੂਕਈ ਮੈਂ ਸੁਮਤਿ ਦੇਹੁ ਸਮਝਾਇ।।

ਸਤਿਗੁਰੂ ਰਵਿਦਾਸ ਜੀ ਦੇ ਸਿਮਰਨ ਧਿਆਨ ਅਤੇ ਸਾਰਥਕ ਭਗਤੀ ਦੀ ਜੁਗਤ ਪ੍ਰਾਪਤ ਹੋਣ ਤੋਂ ਪਾਰਬ੍ਰਹਮ ਨਾਲ ਅਭੇਦਤਾ ਹੋ ਗਈ। ਅਧਿਆਤਮਕ ਸਾਧਨਾਂ ਵਿਚ ਸਾਰਾ ਜੀਵਨ ਇਕ ਸਵਰ ਹੋ ਗਿਆ:

'ਭਗਤਿ ਜੁਗਤਿ ਮਤਿ ਸੁਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ।।'

ਸਾਧਨਾ ਨਾਲ ਮਿਲਿਆ ਅਮੋਲਕ ਪਦਾਰਥ, ਨਾਮ, ਸਤਿਨਾਮ, ਜਿਸ ਸਤਿਨਾਮ ਦੀ ਅਰਾਧਨਾ, ਤੀਰਥ ਅਸਥਾਨ, ਪੂਜਾ ਅਰਚਾ, ਦੀਵਾ, ਬਾਤੀ ਫੁੱਲ ਮਾਲਾ, ਕ੍ਰਿਆ ਕਰਮਾਂ ਸਭਨਾਂ ਤੋਂ ਵਧੇਰੇ ਹੈ:

ਦਸਅਠਾ ਅਠਸਠੇ ਚਾਰੇ ਖਾਣੀ ਏਹੈ ਵਰਤਣਿ ਹੈ ਸਗਲ ਸੰਸਾਰੇ।।
ਕਹੈ ਰਵਿਦਾਸ ਨਾਮੁ ਤੇਰੋ ਆਰਤੀ ਸਤਿਨਾਮ ਹੈ ਹਰਿ ਭੋਗ ਤੁਹਾਰੇ।।

ਰਸਮ ਅਨੁਸਾਰ ਆਰਤੀ ਸਮੇਂ ਫੁੱਲ ਮਾਲਾ ਤੇ ਹੋਰ ਸਮੱਗਰੀ ਦੇਵਤੇ ਨੂੰ ਚੜ੍ਹਾਈ ਜਾਂਦੀ ਹੈ, ਰਵਿਦਾਸ ਜੀ ਨੂੰ ਕਿਸੇ ਮੰਦਰ ਵਿਚ ਜਾ ਕੇ ਇਹ ਸਮੱਗਰੀ ਕਿਸ ਨੇ ਭੇਟ ਕਰਨ ਦੀ ਆਗਿਆ ਦੇਣੀ ਸੀ? ਉਨ੍ਹਾਂ ਮਨ ਨੂੰ ਹੀ ਆਪਣਾ ਮੰਦਰ ਬਣਾ ਲਿਆ। ਸਤਿਗੁਰੂ ਰਵਿਦਾਸ ਜੀ ਕਹਿੰਦੇ ਹਨ, ਪਰਮ ਸੱਚ ਤੇ ਸੁੱਚਾ ਸਤਿਨਾਮ ਨੂੰ ਕਿਸ ਚੀਜ਼ ਦੀ ਪੂਜਾ ਚੜ੍ਹਾਵਾ- 'ਗੋਬਿੰਦ ਪੂਜਾ ਕਹਾਲੇ ਚੜਾਵਉ'? ਉਹ ਸੁਆਮੀ ਤਾਂ ਸਭਨਾਂ ਘਟਾਂ ਵਿਚ ਵਸਦਾ ਤੇ ਸਭ ਵਸਤਾਂ ਆਪ ਭੋਗਦਾ ਹੈ:-

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ।।
ਕਹਿ ਰਵਿਦਾਸ ਹਾਥ ਪੈ ਨੇਰੈ ਸਹਸੇ ਹੋਇ ਸੁ ਹੋਈ।

ਇਕੋ ਨਾਮ 'ਸਤਿਨਾਮ' ਪ੍ਰਾਣ ਆਧਾਰ ਬਣ ਗਿਆ:

ਮੋਹਿ ਆਧਾਰੁ ਨਾਮੁ ਨਾਰਾਇਣ ਜੀਵਨ ਪ੍ਰਾਨ ਧਨ ਮੋਰੇ।।

ਸਾਧੂ-ਸੰਤਾਂ ਦੀ ਸੰਗਤ ਨਾਲ ਪਰਮ ਗਤੀ ਪ੍ਰਾਪਤ ਹੋਈ। ਉਹਨਾਂ ਦੀ ਕਿਰਪਾ ਨਾਲ ਨਰਕ-ਸੁਰਗ ਦੇ ਭਰਮ ਜਾਂਦੇ ਰਹੇ। ਉਹਨਾਂ ਆਪਣੇ ਅਨੁਭਵੀ, ਨਿਰਮਲ ਭਾਵਾਂ ਨੂੰ ਵਾਕ ਬਣਾ ਕੇ ਗਾਉਣਾ ਆਰੰਭ ਕੀਤਾ:

ਜਨ ਰਵਿਦਾਸ ਰਾਮ ਰੰਗਿ ਰਾਤਾ।।
ਇਉਂ ਗੁਰ ਪਰਸਾਦਿ ਨਰਕ ਨਹੀਂ ਜਾਤਾ।।

ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਵਿਚ ਅਡੋਲਤਾ ਆ ਗਈ। ਇਸ ਅਡੋਲਤਾ ਪਿੱਛੇ ਉਹਨਾਂ ਪਾਸ ਆਪਣੀ ਜ਼ਿੰਦਗੀ ਦਾ ਵਿਸ਼ਾਲ ਤਜਰਬਾ ਤੇ ਪ੍ਰਭੂ ਪ੍ਰਾਪਤੀ ਸੀ। ਉਹਨਾਂ ਨੇ ਪਰਲੋਕਿਕ ਸੁੱਖ ਦੀ ਪ੍ਰਾਪਤੀ ਦਾ ਅਹਿਸਾਸ ਕੀਤਾ, ਉਸ ਰਾਹੀਂ ਆਪਣੀ ਘਾਲਣਾ ਨੂੰ ਪ੍ਰਾਣੀ ਮਾਤਰ ਲਈ ਉਪਲਬਧ ਕਰਾਇਆ, ਸਭਨਾਂ ਲਈ ਸਦੀਵੀ ਸੁੱਖਾਂ ਦੀ ਪ੍ਰਾਪਤੀ ਦਾ ਝਰੋਖਾ ਖੋਲ੍ਹਿਆ।

ਰਵਿਦਾਸ ਜੀ ਨੇ ਇਹ ਜੁਗਤ, ਪ੍ਰਭੂ ਭਗਤੀ ਤੇ ਉਸ ਪਾਰਬ੍ਰਹਮ ਦੀ ਕਿਰਪਾ ਨਾਲ ਪ੍ਰਾਪਤ ਕੀਤੀ। ਰਵਿਦਾਸ ਜੀ ਤੇ ਉਸ ਪਾਰਬ੍ਰਹਮ ਦੀ ਕਿਰਪਾ ਦਾ ਪ੍ਰਭਾਵ ਉਹਨਾਂ ਦੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਬਾਣੀ ਤੇ ਉਸ ਤੋਂ ਬਾਹਰ ਪ੍ਰਾਪਤ ਬਾਣੀ ਵਿਚ ਬੜੇ ਸਪਸ਼ਟ ਰੂਪ ਵਿਚ ਦੇਖਿਆ ਜਾ ਸਕਦਾ ਹੈ। ਰਵਿਦਾਸ ਜੀ ਦੀ ਇਸ ਪ੍ਰਾਪਤੀ ਨੂੰ ਤੇ ਉਹਨਾਂ ਦਾ ਸਮੁੱਚੀ ਮਾਨਵਤਾ ਨੂੰ ਦਿੱਤਾ ਗਿਆ ਸੰਦੇਸ਼ ਨਿਮਨ-ਲਿਖਤ ਪਦੇ ਤੋਂ ਸਾਫ ਪ੍ਰਗਟ ਹੁੰਦਾ ਹੈ:-

ਬੇਗਮਪੁਰਾ ਸਹਰ ਕੋ ਨਾਉ।।
ਦੂਖ ਅੰਦੋਹ ਨਹ ਤਿਹਿ ਠਾਉ।।
ਨਾ ਤਸਵੀਸ ਖਿਰਾਜੁ ਨ ਮਾਲੁ।। ਖ
ਵੁਫੁ ਨ ਖਤਾ ਨ ਤਰਸੁ ਜਵਾਲੁ।।
ਅਬ ਮੋਹਿ ਖੂਬ ਵਤਨ ਗਹ ਪਾਈ।।
ਉਹਾਂ ਖੈਰਿ ਸਦਾ ਮੇਰੇ ਭਾਈ।।
ਕਾਇਮੁ ਦਾਇਮੁ ਸਦਾ ਪਤਿਸਾਹੀ।।
ਦੋਮ ਨੇ ਸੇਮ ਏਕ ਸੋ ਆਹੀ।।
ਆਬਾਦਾਨੁ ਸਦਾ ਮਸਹੂਰ।।
ਊਹਾਂ ਗਨੀ ਬਸਹਿ ਮਾਮੂਰ।।
ਤਿਉ ਤਿਉ ਸੈਲ ਕਰਹਿ ਜਿਉ ਭਾਵੈ।।
ਮਰਹਮ ਮਹਲ ਨ ਕੋ ਅਟਕਾਵੈ।।
ਕਹਿ ਰਵਿਦਾਸ ਖਲਾਸ ਚਮਾਰਾ।।
ਜੋ ਹਮ ਸਹਰੀ ਸੁ ਮੀਤੁ ਹਮਾਰਾ।।

ਸਤਿਗੁਰੂ ਰਵਿਦਾਸ ਜੀ ਇਸ ਪਦੇ ਵਿਚ ਕਹਿੰਦੇ ਹਨ ਕਿ ਹੇ ਜੀਵ ਭਾਵ ਮਾਨਵ ਮੇਰੇ ਵਿਚ ਸਦੀਵੀ ਅਡੋਲਤਾ ਆ ਗਈ ਹੈ, ਮੇਰੀ ਭਟਕਣਾ ਖਤਮ ਹੋ ਗਈ ਹੈ। ਮੈਨੂੰ ਗਮਾਂ ਤੋਂ ਰਹਿਤ ਅਜਿਹੇ ਬੇਗਮਪੁਰੇ ਰੂਹਾਨੀ ਸ਼ਹਿਰ ਦਾ ਵਾਸ ਪ੍ਰਾਪਤ ਹੋਇਆ ਹੈ, ਜਿੱਥੇ ਕੋਈ ਉੱਚਾ ਨੀਵਾਂ, ਦੋਇਮ, ਸੇਮ ਨਹੀਂ ਹੈ। ਕੋਈ ਘਬਰਾਹਟ ਨਹੀਂ ਹੈ। ਉਥੇ ਕੋਈ ਟੈਕਸ (ਖਿਰਾਜ) ਨਹੀਂ ਹੈ। ਉਥੇ ਸਦਾ ਸੁੱਖ ਹੈ, ਖੈਰੀਅਤ ਹੈ। ਉਸ ਸ਼ਹਿਰ ਵਿਚ ਨਾਮ ਦੀ ਕਮਾਈ ਵਾਲੇ ਧਨੀ ਲੋਕਾਂ ਦੀ ਆਬਾਦੀ ਹੈ।

ਸਤਿਗੁਰੂ ਰਵਿਦਾਸ ਜੀ ਕਹਿੰਦੇ ਹਨ, ਉਹ ਮੇਰਾ ਸ਼ਹਿਰ ਹੈ, ਉਹ ਟਿਕਾਣਾ ਹੈ, ਜਿੱਥੇ ਮੈਂ ਜਿਉਂ-ਜਿਉਂ ਸੈਰ ਕਰਦਾ ਹਾਂ, ਮੇਰਾ ਮਨ ਲੱਗਦਾ ਹੈ। ਜੋ ਉਸ ਸ਼ਹਿਰ ਵਿਚ ਨਾਮ ਦੀ ਸੰਪਤੀ ਵਾਲੇ ਹਨ, ਸਤਿਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਉਹ ਮੇਰੇ ਹਮ ਸ਼ਹਿਰੀ ਹਨ, ਮਿੱਤਰ ਹਨ। ਸਤਿਗੁਰੂ ਸੈਣ ਜੀ ਰਚਿਤ- 'ਕਬੀਰ ਰਵਿਦਾਸ ਸੰਵਾਦ' ਇਕ ਪੁਰਾਤਨ ਰਚਨਾ ਹੈ। ਸੈਣ ਜੀ, ਰਵਿਦਾਸ ਜੀ ਤੇ ਕਬੀਰ ਜੀ ਦੇ ਸਮਕਾਲੀ ਵੀ ਸਨ। ਇਸ ਰਚਨਾ ਵਿਚ ਸਤਿਗੁਰੂ ਕਬੀਰ ਜੀ ਅਤੇ ਸਤਿਗੁਰੂ ਰਵਿਦਾਸ ਜੀ ਦੀ ਨਿਰਗੁਣ ਅਤੇ ਸਰਗੁਣ ਭਗਤੀ ਪ੍ਰਾਪਤੀ ਚਰਚਾ ਬੜੀ ਉੱਚ ਪਾਏ ਦੀ ਹੈ। ਦੋਹਾਂ ਭਗਤਾਂ ਦੇ ਇਕ ਦੂਸਰੇ ਉਪਰ ਨਿਰਗੁਣ ਅਤੇ ਸਰਗੁਣ ਬਾਰੇ ਵਿਚਾਰਾਂ ਦੇ, ਇਕ ਦੂਸਰੇ ਉਪਰ ਪ੍ਰਸ਼ਨ ਤੇ ਉਤਰ ਹਨ। ਰਵਿਦਾਸ ਜੀ ਅਵਤਾਰਵਾਦ ਦੇ ਹੱਕ ਵਿਚ ਆਪਣੇ ਵਿਚਾਰ ਉਭਾਰਦੇ ਹਨ ਅਤੇ ਕਬੀਰ ਜੀ ਅਵਤਾਰਵਾਦ ਦਾ ਵਿਰੋਧ ਕਰਦੇ ਹਨ। ਦੋਹਾਂ ਦਾ ਸੰਵਾਦ ਸੁਣਨ ਅਤੇ ਰਚਣ ਵਾਲੇ ਹਨ ਸ੍ਰੀ ਸੈਣ ਜੀ। ਸ੍ਰੀ ਰਾਮ ਚੰਦਰ ਜੀ ਬਾਰੇ ਨਿਮਨ ਕੁਝ ਪੰਕਤੀਆਂ ਹਨ। ਕਬੀਰ ਜੀ ਕਹਿੰਦੇ ਹਨ:-

ਸੁਨ ਰਵਿਦਾਸ ਉਹ ਰਾਜਾ ਕਹੀਐ,
ਕਰਣ ਕਾਰਣ ਉਹੀ ਨਾਹੀ।
ਅਦ੍ਰਿਸ਼ਟ ਅਗੋਚਰ ਦ੍ਰਿਸ਼ਟਿ ਨਾ ਆਵੈ,
ਗੁਪਤ ਰਹੇ ਮਨ ਮਾਹੀਂ।

ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ ਨੂੰ ਪ੍ਰਸ਼ਨ ਕਰਦੇ ਹਨ:

ਸੁਨ ਕਬੀਰ ਰਵਿਦਾਸ ਕਰਹੂ ਹੈ,
ਤੁਮ ਕਹੀਅਰੁ ਬ੍ਰਹਮ ਗਿਆਨੀ।
ਬ੍ਰਹਮ ਬ੍ਰਹਮ ਕਰ ਭਰਮ ਭੁਲਾਨੇ ਤਤੁ ਬਸਤ ਨਹੀਂ ਜਾਨੀ।
ਤਤੁ ਹਮਾਰੋ ਨੰਦ ਕੇ ਨੰਦਨ, ਪ੍ਰਗਟ ਭਏ ਜਗ ਮਾਹੀ।
ਤੁਮਰਾ ਬ੍ਰਹਮ ਕਿਨੈ ਨਹੀਂ ਦੇਖਿਆ?
ਤੁਮ ਲਾਜ ਮਰਤ ਕਿਓ ਨਹੀਂ।

ਉਕਤ ਸੰਵਾਦ ਤੋਂ ਸਾਬਤ ਹੁੰਦਾ ਹੈ ਕਿ ਸਤਿਗੁਰੂ ਰਵਿਦਾਸ ਜੀ ਅਵਤਾਰਵਾਦੀ ਵਿਚਾਰਾਂ ਦੇ ਸਨ। ਇਸ ਅਵਸਥਾ ਤੇ ਇਹ ਉਹਨਾਂ ਦਾ ਪ੍ਰੇਮਾ-ਭਗਤੀ ਦਾ ਆਰੰਭਕ ਦੌਰ ਤੇ ਬਾਅਦ ਵਿਚ ਆਪਣੇ ਵਿਸ਼ਾਲ ਬੌਧਿਕ ਵਿਕਾਸ ਬਾਅਦ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਨਿਰਗੁਣਵਾਦ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ, ਨਿਰਗੁਣਵਾਦੀ ਬਣ ਗਏ। ਸਤਿਗੁਰੂ ਕਬੀਰ ਦਾਸ ਜੀ ਉਹਨਾਂ ਤੋਂ ਕਾਫੀ ਸਮਾਂ ਪਹਿਲਾਂ ਨਿਰਗੁਣਵਾਦੀ ਬਣ ਚੁੱਕੇ ਸਨ।

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਬਾਰੇ ਚਰਚਾ ਕਰਦਿਆਂ, ਇਸ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਉਹਨਾਂ ਦੀ ਬਾਣੀ ਅਧਿਆਤਮਵਾਦ ਤੇ ਮਾਨਵਵਾਦ ਦਾ ਸੁਮੇਲ ਹੈ। ਉਹ ਭਗਤੀ ਲਹਿਰ ਦੇ ਸਿਰਮੌਰ ਗੁਰੂ ਭਗਤਾਂ ਵਿਚ ਸ਼ਾਮਲ ਹਨ। ਉਹਨਾਂ ਨੇ ਉਸ ਪਾਰਬ੍ਰਹਮ ਨੂੰ ਹੀ ਆਪਣਾ ਗੁਰੂ ਮੰਨਿਆ। ਉਹਨਾਂ ਨੇ ਆਪਣੀ ਦਾਰਸ਼ਨਿਕਤਾ ਨਾਲ ਇਸ 'ਭਗਤੀ ਲਹਿਰ' ਨੂੰ 'ਲੋਕ ਲਹਿਰ' ਤੋਂ ਵੀ ਅੱਗੇ 'ਸ਼ਕਤੀ ਲਹਿਰ' ਵਿਚ ਬਦਲ ਦਿੱਤਾ।

ਉਹ ਅਛੂਤ ਤੇ ਸ਼ੂਦਰ ਲੋਕ ਜਿਹਨਾਂ ਨੂੰ ਰੱਬ ਦੀ ਭਗਤੀ ਤੇ ਉਪਾਸਨਾ ਕਰਨ ਦਾ ਅਧਿਕਾਰ ਨਹੀਂ ਸੀ ਤੇ ਸਦੀਆਂ ਤੋਂ ਇਸ ਅਧਿਕਾਰ ਤੇ 'ਬ੍ਰਾਹਮਣਵਾਦ' ਦਾ ਏਕਾ ਅਧਿਕਾਰ ਸੀ, ਨੂੰ ਤੋੜ ਦਿੱਤਾ ਤੇ ਇਹ ਸਾਬਤ ਕਰ ਦਿੱਤਾ ਕਿ 'ਪ੍ਰੇਮਾ-ਭਗਤੀ' ਦਾ ਅੰਮ੍ਰਿਤ ਰਸ ਚੱਖਣ ਦਾ ਹੱਕ ਕਿਸੇ ਵਿਸ਼ੇਸ਼ ਜਾਤੀ ਜਾਂ ਵਰਗ ਦਾ ਨਹੀਂ ਹੈ। ਜਗਿਆਸੂ ਭਾਵੇਂ ਕਿਸੇ ਵੀ ਜਾਤ ਵਿਚੋਂ ਹੋਵੇ, ਉਸ ਵਿਚ ਰੂਹਾਨੀ ਚੇਤਨਾ ਜਾਗੀ ਹੋਵੇ, ਸਾਧਨਾਂ ਕਰਕੇ ਹਰ ਜਾਤੀ ਦਾ ਮਨੁੱਖ ਅਤੇ ਜਾਤੀ, ਉੱਚੇ ਤੋਂ ਉੱਚੇ ਸਨਮਾਨ ਵਾਲੀ ਪਦਵੀ ਤੇ ਆਪਣੇ 'ਸੁਤੰਤਰ ਚਿੰਤਨ' ਨਾਲ ਪਹੁੰਚ ਸਕਦਾ ਹੈ।

ਸਤਿਗੁਰੂ ਰਵਿਦਾਸ ਜੀ ਜਾਤ-ਪਾਤ ਤੇ ਛੂਤ-ਛਾਤ ਦਾ ਰੱਜ ਕੇ ਵਿਰੋਧ ਕਰਦੇ ਹਨ ਤੇ 'ਸਮਾਜਿਕ ਬਰਾਬਰੀ' ਦਾ ਹੱਕ ਲੈਣ ਲਈ ਬ੍ਰਾਹਮਣਵਾਦ ਤੇ ਹੋਰ ਜਾਤੀ ਅਭਿਮਾਨੀਆਂ ਨੂੰ ਲਲਕਾਰਦੇ ਹਨ। ਅੰਧ-ਵਿਸ਼ਵਾਸਾਂ, ਕਰਮਕਾਂਡਾਂ ਤੇ ਸਮਾਜਿਕ ਕੁਰੀਤੀਆਂ ਦਾ ਵੀ ਵਿਰੋਧ ਕਰਦੇ ਹਨ। ਮਾਨਵਤਾ ਨੂੰ ਉਸ ਪਾਰਬ੍ਰਹਮ ਦੀ ਪ੍ਰਾਪਤੀ ਲਈ 'ਸੁਤੰਤਰ ਚਿੰਤਨ' ਦਾ ਸਿਧਾਂਤ ਵੀ ਦਿੰਦੇ ਹਨ ਤੇ ਇਹ ਵੀ ਆਖਦੇ ਹਨ ਕਿ ਇਸ ਲਈ ਕਿਸੇ ਉੱਚ ਜਾਤੀ ਦੇ ਰਹਿਬਰ ਦੀ ਵਿਚੋਲਗੀ ਦੀ ਜ਼ਰੂਰਤ ਨਹੀਂ ਹੈ। ਉਹਨਾਂ ਦੇ ਜੀਵਨ ਨਾਲ ਕਈ ਕਰਾਮਾਤਾਂ ਵੀ ਜੁੜੀਆਂ ਹੋਈਆਂ ਹਨ, ਜਿਹੜੀਆਂ ਕਿ ਕੇਵਲ ਮਿੱਥਾਂ ਹੀ ਹਨ, ਜਿਹਨਾਂ ਨੂੰ ਅਜੋਕੇ ਵਿਗਿਆਨਕ ਯੁੱਗ ਵਿਚ ਯਥਾਰਥਵਾਦੀ ਨਹੀਂ ਮੰਨਿਆ ਜਾ ਸਕਦਾ। ਇਹ ਕਰਾਮਾਤਾਂ ਸਿਰਫ ਉਹਨਾਂ ਦੇ ਸ਼ਰਧਾਲੂਆਂ ਦੀਆਂ ਹੀ ਜੋੜੀਆਂ ਹੋ ਸਕਦੀਆਂ ਹਨ। ਉਹਨਾਂ ਦਾ ਮਾਨਵਵਾਦ 'ਬੇਗਮਪੁਰਾ ਦੇ ਸੰਕਲਪ ਨਾਲ, ਮਨੁੱਖ ਨੂੰ ਮਾਨਵਵਾਦ ਦਾ ਸੰਦੇਸ਼ ਦੇ ਕੇ ਸਿਖਰਾਂ ਤੇ ਪਹੁੰਚ ਜਾਂਦਾ ਹੈ। ਸਿੱਖ ਗੁਰੂ ਸਾਹਿਬਾਨ ਜੀ ਨੇ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਕਰਕੇ ਨਿਵਾਜਿਆ ਤੇ ਗੁਰਮਤਿ ਦੇ ਸਿਧਾਂਤਾਂ ਅਨੁਸਾਰ 'ਸ਼ਬਦ ਗੁਰੂ ਦਾ ਰੁਤਬਾ ਦਿੱਤਾ।

ਇਸ ਨਾਲ 'ਸਮਾਜਿਕ ਬਰਾਬਰੀ', 'ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ' ਤੇ ਸਰਬੱਤ ਦਾ ਭਲਾ ਜੋ ਗੁਰ-ਮਤਿ ਦੇ ਕੌਮਾਂਤਰੀ ਸਿਧਾਂਤ ਹਨ ਤੇ ਮੋਹਰ ਲੱਗਦੀ ਹੈ। ਇਸ ਤਰ੍ਹਾਂ 'ਗੁਰਮਤਿ ਦੇ ਸਿਧਾਂਤਾਂ' ਦੀਆਂ ਜੜ੍ਹਾਂ ਨੂੰ ਬੜੇ ਸਪਸ਼ਟ ਰੂਪ ਵਿਚ 'ਭਗਤੀ ਲਹਿਰ' ਵਿਚ ਦੇਖਿਆ ਜਾ ਸਕਦਾ ਹੈ। ਸਤਿਗੁਰੂ ਰਵਿਦਾਸ ਜੀ ਦੀਆਂ ਮਾਨਵਤਾ ਨੂੰ ਦਿੱਤੀਆਂ ਸਿੱਖਿਆਵਾਂ ਤੇ 'ਜੀਵਨ ਜਾਂਚ ਦੇ ਸਿਧਾਂਤ' ਸਦਾ ਮਾਨਵਤਾ ਲਈ ਪ੍ਰੇਰਨਾ ਸਰੋਤ ਬਣੇ ਰਹਿਣਗੇ। ਉਹਨਾਂ ਦੇ 638ਵੇਂ ਜਨਮ ਦਿਨ 'ਤੇ ਸਮੁੱਚੀ ਮਾਨਵਤਾ ਨੂੰ ਲੱਖ-ਲੱਖ ਵਧਾਈ ਹੋਵੇ।







ਡਾ. ਕਰਮਜੀਤ ਸਿੰਘ
91-98763-23862

## ਲੋਕ ਗੀਤਾਂ ਦੇ ਨਾਲ ਤੁਰਦਿਆਂ

# ਤੋੜ ਵਿਛੋੜੀ ਹੰਸਾਂ ਜੋੜੀ




ਸੰਸਕਾਰ-ਗੀਤਾਂ ਦੀ ਇਹ ਸੀਮਾ ਹੈ ਕਿ ਉਹ ਸੰਸਕਾਰ ਦੇ ਸਮੇਂ ਨਾਲ ਬੱਝ ਜਾਂਦੇ ਹਨ ਤੇ ਹੋਰ ਸਮਿਆਂ 'ਤੇ ਆਪਣੀ ਮਹੱਤਤਾ ਗੁਆ ਲੈਂਦੇ ਹਨ, ਪਰੰਤੂ 'ਗਾਉਣ' ਇਸ ਸੀਮਾ ਨੂੰ ਪਾਰ ਕਰ ਜਾਂਦੇ ਹਨ। ਇਹੀ ਨਹੀਂ ਕਿ ਉਹ ਵਿਆਹਾਂ ਅਤੇ ਕੋਈ ਕੰਮ ਕਰਨ ਸਮੇਂ ਜਾਂ ਵਿਹਲੇ ਬੈਠਿਆਂ ਹੀ ਗਾਏ ਜਾ ਸਕਦੇ ਹਨ, ਸਗੋਂ ਇਨ੍ਹਾਂ ਦੀ ਸਾਹਿਤਕ ਤੇ ਸਭਿਆਚਾਰਕ ਮਹੱਤਤਾ ਬੇਮੇਚ ਹੈ। ਇਨ੍ਹਾਂ ਰਾਹੀਂ ਰਿਸ਼ਤਿਆਂ ਦੇ ਅਨੇਕਾਂ ਰੰਗ ਉੱਘੜਦੇ ਹਨ, ਨਜ਼ਦੀਕੀ ਵੀ ਤੇ ਵਿਰੋਧੀ ਵੀ, ਇਨ੍ਹਾਂ ਰਾਹੀਂ ਰਚਨਹਾਰ ਅਤੇ ਗਾਇਕ ਆਪਣੇ ਮਨ ਦਾ ਉਬਾਲ ਵੀ ਕੱਢਦੇ ਹਨ। ਸੈਂਕੜੇ ਸਾਲਾਂ ਦੇ ਪੰਧ ਨੇ ਜਿੱਥੇ ਕੁਝ ਲਘੂ-ਕਥਾਵਾਂ ਦਾ ਰੂਪ ਲਿਆ ਹੈ, ਉਥੇ ਸੰਗੀਤਕ ਪੈਟਰਨ ਵੀ ਪੂਰਨਤਾ ਗ੍ਰਹਿਣ ਕਰਦਾ ਹੈ। ਅਜਿਹੇ ਗੀਤਾਂ ਵਿਚੋਂ ਇਕ ਗੀਤ ਹੈ 'ਤੋੜ ਵਿਛੋੜੀ ਹੰਸਾਂ ਜੋੜੀ'। ਇਹ ਗੀਤ ਮੇਰੀ ਨਾਨੀ ਲਾਭੀ ਤੇ ਮਾਮੀ ਦੀ ਅਗਵਾਈ ਵਿਚ ਔਰਤਾਂ ਨੇ ਇੰਨੀ ਉੱਚੀ ਤੇ ਜ਼ਰਬਾਂ ਖਾਂਦੀ ਲੈਅ ਵਿਚ ਗਾਇਆ ਕਿ ਇਸ ਪਿੱਛੋਂ ਮੈਂ ਇਸ ਤਰ੍ਹਾਂ ਦਾ ਹੋਰ ਕੋਈ ਗੀਤ ਆਪਣੇ ਫੀਲਡਵਰਕ ਦੌਰਾਨ ਨਹੀਂ ਸੁਣਿਆ।

ਗੀਤ ਦੀ ਸ਼ੁਰੂਆਤ ਬਾਰਾਂ ਵਰ੍ਹੇ ਪਤੀ ਦੀ ਉਡੀਕ ਕਰ ਰਹੀ ਔਰਤ ਦੀ ਪੁੱਛਣਾ ਤੋਂ ਹੁੰਦੀ ਹੈ। ਨੂੰਹ ਤੇ ਸੱਸ ਦੇ ਸੰਵਾਦ ਵਿਚ ਹੀ ਇਹ ਸਾਰਾ ਗੀਤ ਚਲਦਾ ਹੈ। ਅਖ਼ੀਰ 'ਤੇ ਪੁੱਤਰ ਤੇ ਮਾਂ ਦੀ ਸੰਖੇਪ ਗੱਲਬਾਤ ਹੈ। ਇੱਥੇ ਸਹੁਰਾ ਤੇ ਨਣਾਨ ਤੇ ਹੋਰ ਸਹੁਰੇ ਘਰ ਦੇ ਜੀਅ ਗਾਇਬ ਹਨ। ਲੱਗਦਾ ਇਉਂ ਹੈ ਕਿ ਸਾਡੇ ਘਰਾਂ ਵਿਚ ਨੂੰਹ ਮਰਦਾਂ ਤੋਂ ਪੱਲਾ ਕਰਦੀ ਰਹੀ ਹੈ, ਇੱਥੋਂ ਤੱਕ ਕਿ ਉਹ ਪਤੀ ਤੋਂ ਵੀ ਘੁੰਡ ਕੱਢਦੀ ਰਹੀ ਹੈ। ਇਸ ਸੂਰਤ ਵਿਚ ਨੂੰਹਾਂ ਦੀ 'ਦੇਖ-ਭਾਲ' ਦੀ ਜ਼ਿੰਮੇਵਾਰੀ ਸੱਸ ਉੱਪਰ ਆਉਂਦੀ ਹੈ। ਨਣਾਨ, ਦਿਉਰ, ਭਰਜਾਈ ਨਾਲ ਵਾਸਤਾ ਤਾਂ ਰੱਖਦੇ ਹਨ, ਪਰ ਉਸ ਬਾਰੇ ਫ਼ੈਸਲਾ ਕਰਨ ਦਾ ਅਧਿਕਾਰ ਸੱਸ ਦੀ ਸਲਾਹ ਨਾਲ ਹੀ ਸਿਰੇ ਚੜ੍ਹਦਾ ਹੈ। ਇਸੇ ਲਈ ਮਰਦਾਂ ਦੀ ਗ਼ੈਰ-ਹਾਜ਼ਰੀ ਵਿਚ 'ਸੱਸ' ਪੂਰੀ ਸ਼ੇਰ ਹੈ। ਇਸੇ ਸ਼ੇਰਨੀ ਨੂੰ ਮੁਖ਼ਾਤਬ ਹੈ ਨੂੰਹ।

ਬਾਰਾਂ ਤਾਂ ਵਰ੍ਹਿਆਂ ਨੀ ਸੱਸੂ
ਮੈਨੂੰ ਵਸਦੀ ਨੂੰ ਹੋਈਆਂ, ਨੀ ਸੱਸੂ ਮੇਰੀਏ
ਮੈਂ ਨਹੀਂ ਸੀ ਦੇਖਿਆ ਪੁੱਤਰ ਤੇਰਾ
ਕੋਈ ਵਖਤ ਗੁਜ਼ਾਰੀਏ
ਬਾਰਾਂ ਤਾਂ ਵਰ੍ਹਿਆਂ ਨੀ ਉਹਨੂੰ
ਨੌਕਰ ਨੂੰ ਹੋਈਆਂ, ਨੀ ਨੋਹੇਂ ਮੇਰੀਏ
ਤੂੰ ਕਿੱਥੋਂ ਦੇਖੇਂ ਪੁੱਤਰ ਮੇਰਾ
ਕੋਈ ਵਖਤ ਗੁਜ਼ਾਰੀਏ।

ਇਹ ਸਾਰਾ ਪ੍ਰਸੰਗ ਸਾਡੇ ਸਭਿਆਚਾਰ ਵਿਚ ਛੋਟੀ ਉਮਰ ਦੇ ਵਿਆਹਾਂ ਨਾਲ ਜੁੜਿਆ ਹੋਇਆ ਹੈ। ਬਾਰਾਂ ਵਰ੍ਹੇ ਅਸਲ ਵਿਚ ਸਮੇਂ ਨਾਂਲ ਜੁੜੇ ਹੋਏ ਹਨ। ਸਾਲ ਦੇ ਬਾਰਾਂ ਮਹੀਨੇ ਹਨ। ਸੂਰਜ ਦੀਆਂ ਬਾਰਾਂ ਰਾਸ਼ੀਆਂ। ਜੋਗੀ ਬਾਰਾ ਪੰਖੜੀਆਂ ਵਾਲੇ ਕਮਲ ਦੀ ਕਲਪਨਾ ਕਰਦੇ ਹਨ, ਜੋ ਸਰੀਰ ਵਿਚ ਹਨ। ਵੈਸ਼ਨਵਾਂ ਨੇ ਬਾਰਾਂ ਤਿਲਕ ਮੰਨੇ ਹਨ। ਜੋਗੀਆਂ ਦੇ ਬਾਰਾਂ ਪੰਥ ਹਨ। ਇਹ ਸਾਰਾ ਕੁਝ ਲੋਕ ਮਨ ਦਾ ਹੀ ਹਿੱਸਾ ਹੈ। ਅਤਿਕਥਨੀ ਦਾ ਇਕ ਰੂਪ ਵੀ। ਮੱਧਕਾਲੀ ਫ਼ੌਜ ਦਾ ਕਿਰਦਾਰ ਵੀ ਇਸ ਵਿਚ ਸ਼ਾਮਲ ਹੈ। ਲੰਮੀਆਂ ਲੜਾਈਆਂ। ਘਰ ਪਹੁੰਚ ਵੀ ਸਕਦਾ ਹੈ ਨੌਕਰ ਤੇ ਨਹੀਂ ਵੀ। ਖ਼ੈਰ ਇੱਥੇ ਉਹ ਆਵੇਗਾ ਇਸ ਦੀ ਕਨਸੋਅ ਸ਼ੁਰੂ ਤੋਂ ਹੀ ਮਿਲਣੀ ਸ਼ੁਰੂ ਹੋ ਜਾਂਦੀ ਹੈ। 'ਕੀ ਵਖ਼ਤ ਗੁਜ਼ਾਰੀਏ' ਸਾਰੇ ਗੀਤ ਵਿਚ ਹੂਕ ਬਣ ਕੇ ਸਮਾਇਆ ਹੋਇਆ ਹੈ। 'ਵਖ਼ਤ' ਭੈੜੇ ਸਮੇਂ ਲਈ ਵੀ ਵਰਤਿਆ ਜਾਂਦਾ ਹੈ। ਜਿਸ ਔਰਤ ਦਾ ਪਤੀ ਘਰ ਨਾ ਹੋਵੇ ਸਮਾਜਿਕ ਤੇ ਸਭਿਆਚਾਰਕ ਦਬਾਅ ਪੂਰੇ ਜਲੌਅ 'ਚ ਹੋਣ ਤਾਂ ਉਸ ਦੀ ਹੋਂਦ ਪ੍ਰਫੁੱਲਤ ਹੋਣ ਦੀ ਬਜਾਇ 'ਵਖ਼ਤ ਗੁਜ਼ਾਰਦੀ ਹੈ'। ਇਸੇ ਲਈ ਇਸ ਦੀ ਹੇਕ ਪਿੱਛੇ ਸਾਰੇ ਦਰਦ ਛੁਪੇ ਹੋਏ ਹਨ।

ਬਾਜੇ ਵੀ ਬੱਜਦੇ ਨੀ ਸੱਸੂ
ਘੋੜੇ ਵੀ ਹਿੜਕੇ ਨੀ ਸੱਸੂ ਮੇਰੀਏ
ਅਜੇ ਨਹੀਂ ਆਇਆ ਪੁੱਤਰ ਤੇਰਾ
ਕੋਈ ਵਖ਼ਤ ਗੁਜ਼ਾਰੀਏ
ਭੁੱਖਾਂ ਵੀ ਲੱਗੀਆਂ ਨੀ ਸੱਸੂ
ਤੇਹਾਂ ਵੀ ਲੱਗੀਆਂ ਨੀ ਸੱਸੂ ਮੇਰੀਏ
ਕਿੱਥੇ ਤਾਂ ਰੱਖੇ 'ਬੇਹੇ ਟੁਕੜੇ'
ਕੋਈ ਵਖ਼ਤ ਗੁਜ਼ਾਰੀਏ
ਅਗਲਾ ਸੀ ਬੰਗਲਾ ਨੀ ਨੋਹੇਂ
ਤੇਰਾ ਪਿਛਲਾ ਸੀ ਬੰਗਲਾ, ਨੀ ਨੋਹੇਂ ਮੇਰੀਏ
ਉਥੇ ਤਾਂ ਰੱਖੇ ਥਾਲ ਪਰੀਅ ਕੇ
ਕੋਈ ਵਖ਼ਤ ਗੁਜ਼ਾਰੀਏ।

ਨੂੰਹ ਦੀ ਸਹੁਰੇ ਘਰ ਵਿਚ ਸਥਿਤੀ ਸਪੱਸ਼ਟ ਹੁੰਦੀ ਹੈ ਕਿ ਉਹ 'ਬੇਹੇ ਟੁਕੜੇ' ਖਾ ਕੇ ਗੁਜ਼ਾਰਾ ਕਰਦੀ ਹੈ। ਬਾਰਾਂ ਲੰਮੇ ਵਰ੍ਹੇ ਉਹ ਇਵੇਂ ਹੀ ਜਿਉਂ ਰਹੀ ਹੈ। ਅਚਾਨਕ ਬਾਜੇ ਬੱਜਣ, ਘੋੜੇ ਹਿਣਕਣ ਤੇ ਅਗਲੇ ਪਿਛਲੇ ਬੰਗਲਿਆਂ ਦਾ ਜ਼ਿਕਰ ਸ਼ੁਰੂ ਹੋ ਗਿਆ ਹੈ, ਜਿਨ੍ਹਾਂ ਵਿਚ ਥਾਲ ਪਰੋਸੇ ਜਾ ਰਹੇ ਹਨ। ਜਾਗੀਰਦਾਰੀ ਠਾਠ। ਪਰ ਜਿਨ੍ਹਾਂ ਘਰਾਂ ਵਿਚ ਇਹ ਗੀਤ ਗਾਏ ਜਾਂਦੇ ਹਨ, ਉਨ੍ਹਾਂ ਪਾਸ ਤਾਂ ਅਗਲਾ, ਪਿੱਛਲਾ ਕੱਚਾ ਕੋਠਾ ਵੀ ਨਹੀਂ ਹੈ। ਕਲਪਨਾ ਦੇ ਸਹਾਰੇ ਜਾਗੀਰਦਾਰੀ ਠਾਠ ਦੀ ਬਰਾਬਰੀ ਕੀਤੀ ਜਾ ਰਹੀ ਹੈ। 'ਬੇਹੇ ਟੁਕਿਆਂ' ਦੀ ਥਾ ਹੁਣ ਨੂੰਹ ਲਈ ਥਾਲ ਪਰੋਸੇ ਜਾਣ ਨਾਲ ਕਈ ਸ਼ੰਕੇ ਪੈਦਾ ਹੁੰਦੇ ਹਨ ਕਿ ਸੱਸ ਸ਼ਾਇਦ ਪੁੱਤਰ ਦੀ ਆਮਦ ਨੂੰ ਜਾਣ ਗਈ ਹੈ ਇਸ ਲਈ ਇਹ ਦਿਖਾਵਾ ਕਰ ਰਹੀ ਹੈ। ਨੂੰਹ ਨੇ ਤਾਂ ਇਹ ਪਰਿਵਰਤਨ ਨੋਟ ਕਰਨਾ ਹੀ ਸੀ।

ਅੱਗੇ ਤਾਂ ਦਿੰਦੀ ਨੀ ਸੱਸੂ
ਬੇਹੇ ਜੋ ਟੁਕੜੇ ਨੀ ਸੱਸੂ ਮੇਰੀਏ
ਹੁਣ ਕਿਉਂ ਦੇਵੇਂ ਥਾਲ ਪਰੀਅ ਕੇ
ਕੋਈ ਵਖ਼ਤ ਗੁਜ਼ਾਰੀਏ
ਅੱਗੇ ਤਾਂ ਲੱਗਦੀ ਨੀ ਨੋਹੇਂ
ਮੈਨੂੰ ਕੌੜੀ ਕਸੈਲੀ ਨੀ ਨੋਹੇਂ ਮੇਰੀਏ
ਹੁਣ ਤਾਂ ਤੂੰ ਲੱਗਦੀ ਏਂ ਬਹੁਤ ਪਿਆਰੀ
ਕੋਈ ਵਖ਼ਤ ਗੁਜ਼ਾਰੀਏ।

ਸਰੋਤਾ ਸੱਸ ਦਾ ਖੇਖਣ ਸਮਝ ਲੈਂਦਾ ਹੈ, ਪਰ ਨੂੰਹ ਨਹੀਂ ਸਮਝਦੀ। ਉਹ ਪਰੋਸੇ ਥਾਲ 'ਚੋਂ ਖਾਣਾ ਖਾ ਲੈਂਦੀ ਹੈ। ਏਨਾ ਬਿਰਤਾਂਤ ਸਰੋਤੇ ਨੂੰ ਆਪਣੀ ਕਲਪਨਾ ਰਾਹੀਂ ਸਿਰਜਣਾ ਪੈਂਦਾ ਹੈ ਤਾਂ ਹੀ ਗੀਤ ਦੀਆਂ ਅਗਲੀਆਂ ਪੰਗਤੀਆਂ ਨਾਲ ਉਹ ਇਕ ਸੁਰ ਹੋ ਸਕਦਾ ਹੈ।

ਖਾਧੀ ਸੋ ਖਾਧੀ ਨੀ
ਸੱਸ ਸਿਰ ਬੜਾ ਦੁਖਦਾ, ਨੀ ਸੱਸੂ ਮੇਰੀਏ
ਕਿੱਥੇ ਤਾਂ ਰੱਖੀ ਨੀ ਟੁੱਟੀ ਮੰਜੀ
ਕੋਈ ਵਖ਼ਤ ਗੁਜ਼ਾਰੀਏ
ਅਗਲਾ ਸੀ ਬੰਗਲਾ ਨੀ ਨੋਹੇਂ ਮੇਰਾ
ਪਿਛਲਾ ਸੀ ਬੰਗਲਾ, ਨੀ ਨੋਹੇਂ ਮੇਰੀਏ
ਉੱਥੇ ਤਾਂ ਡੱਠੇ ਪਲੰਘ ਨਵਾਰੀ
ਕੋਈ ਵਖ਼ਤ ਗੁਜ਼ਾਰੀਏ
ਅੱਗੇ ਤਾਂ ਦਿੰਦੀ ਨੀ ਸੱਸੂ ਟੁੱਟੀ
ਜਿਹੀ ਮੰਜੀ ਨੀ ਸੱਸੂ ਮੇਰੀਏ
ਹੁਣ ਕਿਉਂ ਦੇਵੇਂ ਪਲੰਘ ਨਵਾਰੀ
ਕੋਈ ਵਖ਼ਤ ਗੁਜ਼ਾਰੀਏ
ਅੱਗੇ ਤਾਂ ਲੱਗਦੀ ਨੀ ਨੋਹੇਂ
ਕੌੜੀ ਕਸੈਲੀ ਨੀ ਨੋਹੇਂ ਮੇਰੀਏ
ਹੁਣ ਤਾਂ ਲੱਗਦੀ ਏਂ ਬਹੁਤ ਪਿਆਰੀ
ਕੋਈ ਵਖ਼ਤ ਗੁਜ਼ਾਰੀਏ।

ਸਰੋਤੇ ਅਗਾਊਂ ਸਮਝਦੇ ਹਨ ਕਿ ਸੱਸ ਨੇ ਕਾਰਾ ਕਰ ਦਿੱਤਾ ਹੈ। 'ਪਰੋਸੇ ਥਾਲਾਂ' ਵਿਚ ਕੁਝ ਖਿਲਾ ਦਿੱਤਾ ਗਿਆ ਹੈ। ਇਸੇ ਲਈ ਨੂੰਹ ਦੀ ਇਹ ਹਾਲਤ ਹੈ। ਪਰ ਨੂੰਹ ਦਾ ਭੋਲਾਪਣ ਉਸ ਦੇ ਦੁਖਾਂਤ ਦਾ ਕਾਰਨ ਬਣਦਾ ਹੈ ਜਿਸ ਦੀ ਉਹ ਹੱਕਦਾਰ ਹੀ ਨਹੀਂ, ਉਹ ਮੌਤ ਉਸ ਨੂੰ ਸਮਾਜ ਦੇ ਰਿਹਾ ਹੈ। ਫਿਰ ਵੀ ਉਹ ਆਪਣੀ ਪੁਰਾਣੀ ਟੁੱਟੀ ਮੰਜੀ ਦੀ ਭਾਲ ਕਰਦੀ ਹੈ, ਪਰ ਸੱਸ ਉਸ ਲਈ ਨਵਾਰੀ ਪਲੰਘ ਦਾ ਇੰਤਜ਼ਾਮ ਕਰਦੀ ਹੈ। ਕਿਹਾ ਵਿਅੰਗ ਹੈ। ਜੀਉਂਦੀ ਲਈ 'ਬੇਹੇ ਟੁਕੜੇ' ਤੇ 'ਟੁੱਟੀ ਮੰਜੀ' ਤੇ ਮਰਨ ਲਈ 'ਥਾਲ ਪਰੀਅ ਕੇ' ਤੇ 'ਨਵਾਰੀ ਪਲੰਘ'। ਇਹ ਸਭ ਕੁਝ ਦੁਖਾਂਤ ਨੂੰ ਹੋਰ ਵੀ ਗਹਿਰਾ ਕਰਦਾ ਹੈ। ਇਹ ਦੁਖਾਂਤ ਤਾਂ ਹਰ ਔਰਤ ਭੋਗਦੀ ਹੈ। ਇਸੇ ਲਈ ਦੁਖਾਂਤ ਗਾ ਕੇ ਉਹ ਆਪਣੀ ਹੋਣੀ ਨੂੰ ਚਿਤਵਦੀ ਆਪਣਾ ਕਥਾਰਸਿਸ ਕਰਦੀ ਹੈ। ਗੀਤ ਦੀਆਂ ਅਗਲੀਆਂ ਪੰਗਤੀਆਂ ਬਿਰਤਾਂਤਕਾਰ ਵੱਲੋਂ ਹਨ, ਪਰ ਗੀਤ ਦੇ ਰਉਂ ਵਿਚ ਉਹ ਮਰੀ ਔਰਤ ਦੇ ਮੂੰਹੋਂ ਹੀ ਕਢਵਾਈਆਂ ਗਈਆਂ ਹਨ।

ਬਾਜੇ ਵੀ ਬੱਜਦੇ ਨੀ ਸੱਸੂ
ਘੋੜੇ ਵੀ ਹਿਣਕੇ ਨੀ ਸੱਸੂ ਮੇਰੀਏ
ਬਾਗ਼ਾਂ ਵਿਚ ਆਇਆ ਪੁੱਤਰ ਤੇਰਾ
ਕੋਈ ਵਖ਼ਤ ਗੁਜ਼ਾਰੀਏ।


ਪੁੱਤਰ ਕਾਫ਼ੀ ਦੇਰ ਦਾ ਘਰ ਪਹੁੰਚ ਚੁੱਕਾ ਹੈ। ਉਸ ਦੀ ਆਉ ਭਗਤ ਹੋ ਰਹੀ ਹੈ, ਪਰ ਉਸ ਨੂੰ ਉਸ ਦੀ ਪਤਨੀ ਵਿਖਾਈ ਨਹੀਂ ਦਿੰਦੀ। ਦਿਖਾਈ ਦੇ ਵੀ ਨਹੀਂ ਸਕਦੀ ਕਿਉਂਕਿ ਉਹ ਤਾਂ ਮਰ ਚੁੱਕੀ ਹੈ। ਇਹ ਬਿਰਤਾਂਤ ਵੀ ਸ੍ਰੋਤਾ ਖ਼ੁਦ ਉਸਾਰਦਾ ਹੈ। ਅਗਾਂਹ ਮਾਂ-ਪੁੱਤਰ ਸੰਵਾਦ ਸ਼ੁਰੂ ਹੋ ਜਾਂਦਾ ਹੈ।

ਬਾਰਾਂ ਤਾਂ ਘੜੀਆਂ ਨੀ ਮਾਏ
ਮੈਨੂੰ ਆਏ ਨੂੰ ਹੋਈਆਂ ਨੀ ਮਾਏ ਮੇਰੀਏ
ਮੈਂ ਨੀ ਸੀ ਦੇਖੀ ਰਾਜੇ ਬੇਟੀ
ਕੋਈ ਵਖਤ ਗੁਜ਼ਾਰੀਏ
ਅਗਲਾ ਸੀ ਬੰਗਲਾ ਵੇ ਪੁੱਤ ਤੇਰਾ
ਪਿਛਲਾ ਸੀ ਬੰਗਲਾ ਪੁੱਤਰ ਮੇਰਿਆ
ਉੱਥੇ ਤਾਂ 'ਸੁੱਤੀ' ਰਾਜੇ ਬੇਟੀ
ਕੋਈ ਵਖ਼ਤ ਗੁਜ਼ਾਰੀਏ।

ਸੱਸ ਨੇ ਮਰੀ ਨੂੰਹ ਨੂੰ ਸੁੱਤੀ ਕਹਿ ਕੇ ਬਲਦੀ 'ਤੇ ਤੇਲ ਪਾ ਦਿੱਤਾ ਹੈ। ਇਕ ਪਾਸੇ ਉਹ ਆਪ ਖ਼ਲਨਾਇਕ ਬਣ ਗਈ ਹੈ, ਉੱਥੇ ਪੁੱਤਰ ਦਾ 'ਮੋਹ' ਪਤਨੀ-ਪਿਆਰ ਨੂੰ ਗੁੱਸੇ ਵਿਚ ਬਦਲ ਦਿੱਤਾ ਹੈ। ਇਸੇ ਲਈ ਉਸ ਦਾ ਅਗਲਾ ਕਾਰਜ ਗੁੱਸੇ ਵਾਲਾ ਹੈ।

ਅੰਦਰੋਂ ਫੜਾ ਦੇ ਨੀ ਮਾਏ
ਮੈਨੂੰ ਤੂਤਾਂ ਦੀਆਂ ਛਮਕਾਂ ਨੀ ਮਾਏ ਮੇਰੀਏ
ਮਾਰ ਜਗਾਵਾਂ ਰਾਜੇ ਦੀ ਬੇਟੀ
ਕੋਈ ਵਖ਼ਤ ਗੁਜ਼ਾਰੀਏ
ਇਕ ਜੂ ਮਾਰੀ ਨੀ ਮਾਏ
ਦੂਜੀ ਵੀ ਮਾਰੀ ਨੀ ਮਾਏ ਮੇਰੀਏ
ਜਾਗ ਨਾ ਆਈ ਰਾਜੇ ਦੀ ਬੇਟੀ

*(ਚਲਦਾ)*




## "ਕਥਾਵਾਂ ਬਿਸਤ ਦੁਆਬ ਦੀਆਂ" ਦੀ ਤੀਜੀ ਕਿਸ਼ਤ

# ਆਦਮ ਦੀ ਉਮਰ



- ਡਾ. ਜਸਵੰਤ ਰਾਏ
91-98158-25999

ਕਹਿੰਦੇ ਨੇ ਜਦੋਂ ਰੱਬ ਨੇ ਇਹ ਜੀਆ ਜੰਤ ਬਣਾਇਆ ਤਾਂ ਸਾਰਿਆਂ ਨੂੰ ਇਕੋ ਜਿੰਨੀ 40-40 ਸਾਲ ਦੀ ਉਮਰ ਬਖਸ਼ੀ। ਕਿਉਂਕਿ ਰੱਬ ਦੇ ਘਰੇ ਸਾਰੇ ਬਰਾਬਰ ਆ। ਕੋਈ ਵੱਡਾ ਛੋਟਾ ਨਹੀਂ। ਅਗਲੇ ਦਿਨ ਕੁਝ ਜੀਵ ਰੱਬ ਦੇ ਦਰਬਾਰ ਪੇਸ਼ ਹੋ ਕੇ ਆਖਣ ਲੱਗੇ, 'ਮਾਰ੍ਹਾਜ ਸਾਨੂੰ ਉਮਰ ਬਾਰੇ ਕੁਝ ਐਤਰਾਜ ਆ। ਜੇ ਹੁਕਮ ਹੋਵੇ ਤਾਂ ਪੇਸ਼ ਕਰੀਏ?'

ਪ੍ਰਮਾਤਮਾ ਬੋਲੇ, "ਹਾਂ ਬਈ ਵਾਰੋ ਵਾਰੀ ਆਖੋ ਕੇਹਨੂੰ ਐਤਰਾਜ ਐ।"

ਸਭ ਤੋਂ ਪਹਿਲਾਂ ਖੋਤਾ ਬੋਲਿਆ, 'ਮਹਾਰਾਜ ਮੈਂ ਚਾਲੀ ਸਾਲ ਉਮਰ ਕੀ ਕਰਨੀ ਆਂ। ਮੈਂ ਤਾਂ ਲੋਕਾਂ ਦਾ ਬੋਝਾ ਈ ਚੁਕਣਾ। ਕਦੀ ਭਾਰ ਚੁੱਕ ਕੇ ਏਧਰ ਚਲਿਆ ਗਿਆ ਕਦੀ ਓਧਰ। ਜੇ ਮੈਂ ਨਾਂਹ ਨੁਕਰ ਕੀਤੀ ਤਾਂ ਮਾਲਕ ਕੋਲੋਂ ਡੰਡਿਆਂ ਦਾ ਪ੍ਰਸ਼ਾਦ ਮਿਲਣਾ। ਤੁਸੀਂ ਮਾਰ੍ਹਾਜ ਮੇਰੀ ਉਮਰ ਅੱਧੀ ਕਰ ਦਿਓ। ਮੇਰੇ ਲਈ 20 ਸਾਲ ਈ ਬੜੇ ਆ।'

ਪ੍ਰਮਾਤਮਾ ਦੇ ਬੋਲਾਂ ਤੋਂ ਪਹਿਲਾਂ ਈ ਕੋਲ ਬੈਠਾ ਮਨੁੱਖ ਬੋਲਿਆ, 'ਮਾਰ੍ਹਾਜ ਮੇਰਾ ਕੇੜ੍ਹਾ ਕੋਈ ਏਡਾ ਜ਼ੋਰ ਦਾ ਕੰਮ ਆ। ਤੁਸੀਂ ਖੋਤੇ ਆਲੇ 20 ਸਾਲ ਮੇਰੇ ਖਾਤੇ ਪਾ ਦਿਓ।'

ਪ੍ਰਮਾਤਮਾ ਬੋਲੇ ਬਈ ਠੀਕ ਆ ਜਿੰਦਾਂ ਤੁਹਾਡੀ ਮਰਜ਼ੀ। ਚਲੋ ਖੋਤੇ ਆਲੇ 20 ਸਾਲ ਆਦਮੀ ਤੂੰ ਲੈ ਲਾ।

ਫੇਰ ਕੁੱਤਾ ਆਪਣਾ ਐਤਰਾਜ ਦੱਸਣ ਲੱਗਾ, 'ਮਾਰ੍ਹਾਜ ਮੈਂ ਦਰਵੇਸ਼, ਮੈਂ ਚਾਲੀ ਸਾਲ ਉਮਰ ਦੇ ਕੀ ਕਰਨੇ ਆਂ। ਮੈਂ ਤਾਂ ਭੌਂਕਣਾ ਈ ਆਂ। ਕਦੀ ਏਸ ਦਰ, ਕਦੀ ਓਸ ਦਰ ਮੈਨੂੰ 20 ਸਾਲ ਈ ਕਾਫ਼ੀ ਆ। ਤੁਸੀਂ ਮੇਰੀ ਉਮਰ 20 ਸਾਲ ਕਰ ਦਿਓ।"

ਮਨੁੱਖ ਵਿਚੋਂ ਈ ਫੇਰ ਬੋਲ ਪਿਆ, 'ਮਾਰ੍ਹਾਜ ਤੁਸੀਂ ਏਹ 20 ਸਾਲ ਕਿੱਥੇ ਸਾਂਭਦੇ ਫਿਰਨਾ। ਤੁਸੀਂ ਇਹ ਵੀ ਮੇਰੇ ਨਾਂ ਲਾ ਦਿਓ।" ਪ੍ਰਮਾਤਮਾ ਬੋਲੇ, 'ਬਈ ਠੀਕ ਆ। ਏਹ ਵੀ 20 ਸਾਲ ਸਾਂਭ ਲਾ। ਹੋਰ ਕਿਸੇ ਦਾ ਕੋਈ ਐਤਰਾਜ?'

ਉੱਲੂ ਉੱਡ ਕੇ ਸਾਹਮਣੇ ਆ ਬੈਠਾ 'ਤੇ ਆਖਣ ਲੱਗਾ, 'ਮਾਰ੍ਹਾਜ ਮੇਰੇ ਲਈ 40 ਸਾਲ ਕਿਸ ਅਰਥ! ਦਿਨ ਨੂੰ ਮੈਂ ਦਿਸਣਾ ਨੀ। ਰਾਤ ਨੂੰ ਈ ਦਿਸਣਾ। ਦਿਨ ਨੂੰ ਤਾਂ ਮੈਂ ਜੇਹਾ ਜੀਂਦਾ ਜੇਹਾ ਮਰਿਆ। ਤੁਸੀਂ ਮੇਹਰਬਾਨੀ ਕਰਕੇ ਮੇਰੇ 20 ਸਾਲ ਈ ਲਾਇਓ।" ਮਨੁੱਖ ਨੂੰ ਰੱਜ ਹਾਲੇ ਵੀ ਨਹੀਂ ਸੀ ਆਇਆ। ਹੱਥ ਬੰਨ੍ਹ ਕੇ ਫਿਰ ਪ੍ਰਮਾਤਮਾ ਅੱਗੇ ਖਲੋ ਗਿਆ, 'ਮਾਰ੍ਹਾਜ ਮੇਰਾ ਕੰਮ ਵਿਹਲਿਆਂ ਵਰਗਾ ਈ ਆ। ਮੇਹਰ ਕਰਕੇ ਤੁਸੀਂ ਇਹ ਵੀ 20 ਸਾਲ ਮੇਰੇ ਨਾਮੇ ਲਾ ਦਿਓ। ਮੈਂ ਦੁਨੀਆਂ ਦੇ ਰੰਗ ਤਮਾਸ਼ੇ ਚਾਰ ਦਿਨ ਹੋਰ ਦੇਖ ਲਊਂਗਾ।'

ਪ੍ਰਮਾਤਮਾ ਮੁਸਕਰਾਏ 'ਤੇ ਆਖਣ ਲੱਗੇ, 'ਭਲਿਆ ਲੋਕਾ ਲੈ ਲਾ ਇਹ ਵੀ 20 ਸਾਲ। ਆਪਾਂ ਕੀ ਕਰਨੇ ਆਂ ਆਪਣੇ ਕੋਲ ਰੱਖ ਕੇ। ਤੁਸੀਂ ਸਾਰੇ ਖੁਸ਼ ਰਵੋ।"

ਸੋ ਸੱਜਣੋ! ਆਦਮ ਤਾਂ ਸ਼ੁਰੂ ਤੋਂ ਈ ਬੜਾ ਚੁਸਤ ਰਿਹਾ। ਏਨੇ ਚਲਾਕੀ ਨਾਲ ਦੂਜੇ ਜਾਨਵਰਾਂ ਕੋਲੋਂ ਉਮਰ ਤਾਂ ਹਥਿਆ ਲਈ ਪਰ ਜ਼ਿੰਦਗੀ 'ਚ ਜਾਦਾ ਸੁੱਖ ਨੀ ਪਾਇਆ।

ਹਾਂ, ਜਿਹੜੇ ਇਹਦੇ ਆਪਣੇ 40 ਸਾਲ ਆ, ਉਹ ਤਾਂ ਜ਼ਰੂਰ ਸੁੱਖ ਨਾਲ ਲੰਘਦੇ ਆ। ਬਚਪਨ 'ਚ ਬਥੇਰਾ ਹੱਸਦਾ, ਖੁਸ਼ ਹੁੰਦਾ। ਜਵਾਨੀ ਮਾਣਦਾ ਕੋਈ ਫਿਕਰ ਨੀ। ਕੋਈ ਫਾਕਾ ਨਹੀਂ। ਸਾਰੇ ਸੁੱਖ ਪ੍ਰਾਪਤ ਕਰਦਾ ਆ।

ਜਿਹੜੇ 40 ਤੋਂ 60 ਸਾਲ ਆ। ਉਹ ਫਿਰ ਸ਼ੁਰੂ ਹੋ ਜਾਂਦੇ ਇਹਦੇ ਖੋਤੇ ਦੀ ਜੂਨ ਵਾਲੇ। ਕਦੀ ਨਿਆਣਿਆਂ ਨੂੰ ਏਧਰ ਢੋਂਦਾ ਕਦੀ ਉਧਰ ਢੋਂਦਾ। ਸਵੇਰੇ ਨਿਕਲ ਜਾਂਦਾ ਕੰਮ 'ਤੇ ਸ਼ਾਮ ਨੂੰ ਸੌਦੇ ਨਾਲ ਲੱਦਿਆ ਆਉਂਦਾ ਖੋਤੇ ਵਾਂਗ। ਨਿਆਣਿਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ 60 ਸਾਲ ਤੱਕ ਖੂਬ ਕੰਮ ਕਰਦਾ ਖੋਤੇ ਵਾਂਗ।

60 ਤੋਂ 80 ਸਾਲ ਤੱਕ ਆਦਮ ਦੀ ਉਮਰ ਸ਼ੁਰੂ ਹੋ ਜਾਂਦੀ ਆ ਕੁੱਤੇ ਵਾਲੀ। ਹੁਣ ਤੱਕ ਉਸਦੀ ਔਲਾਦ ਜੁਆਨ ਹੋ ਗਈ ਹੁੰਦੀ ਆ। ਉਹ ਸਾਰੀ ਦਿਹਾੜੀ ਉਨ੍ਹਾਂ ਮਗਰ ਭੌਂਕਦਾ ਹੈ। ਆਹ ਕੰਮ ਨਹੀਂ ਓ ਕਰੋ। ਓਹ ਨਹੀਂ ਆ ਕਰੋ। ਪਰ ਕੋਈ ਵੀ ਉਸਦਾ ਕਹਿਣਾ ਨਹੀਂ ਮੰਨਦਾ। ਆਦਮ ਸਾਰਿਆਂ ਮਗਰ ਭੌਂਕਦਾ ਰਹਿੰਦਾ ਹੈ।

ਉਮਰ ਦਾ ਆਖਰੀ ਗੇੜ ਸ਼ੁਰੂ ਹੁੰਦਾ ਆਦਮ ਲਈ ਉੱਲੂ ਵਾਲਾ। ਹੁਣ ਘਰ ਵਿਚ ਉਹਦੀ ਕੋਈ ਪੁੱਛ-ਗਿੱਛ ਨਹੀਂ ਹੁੰਦੀ। ਬਾਹਰ ਵਿਹੜੇ ਵਿਚ ਸਾਰਾ ਦਿਨ ਢਿੱਲੀ ਜਿਹੀ ਮੰਜੀ ਉਤੇ ਬੈਠਾ ਉੱਲੂ ਵਾਂਗ ਏਧਰ ਓਧਰ ਤੱਕਦਾ ਰਹਿੰਦਾ ਹੈ। ਤੁਰਿਆ ਵੀ ਨਹੀਂ ਜਾਂਦਾ। ਲੱਤਾਂ ਜਵਾਬ ਦੇ ਜਾਂਦੀਆਂ। ਸਿਆਣਿਆ ਵੀ ਘੱਟ ਵੱਧ ਹੀ ਜਾਂਦਾ। ਅੱਖਾਂ ਜਵਾਬ ਦੇ ਜਾਂਦੀਆਂ। ਸੁਣਿਆ ਵੀ ਨਹੀਂ ਜਾਂਦਾ। ਕੰਨ ਜਵਾਬ ਦੇ ਜਾਂਦੇ। ਸਿਰਫ਼ ਘਰ ਦੇ ਵਿਹੜੇ ਵਿਚ ਬੈਠਿਆਂ ਘਰ ਦੇ ਜੀਆਂ ਵੱਲ ਉੱਲੂ ਵਾਂਗ ਬਿੱਟ ਬਿੱਟ ਤੱਕਦਾ ਰਹਿੰਦਾ। ਆਦਮ ਆਪਣੀ ਅਸਲ ਉਮਰ ਹੀ ਖੁਸ਼ੀਆਂ 'ਚ ਹੰਢਾਉਂਦਾ। ਬਾਕੀ ਉਧਾਰੀ ਲਈ ਗਈ ਉਮਰ ਤਾਂ ਉਹਦੇ ਲਈ ਨਰਕ ਬਣ ਜਾਂਦੀ ਆ।

# ਸਮਾਜਿਕ ਤਬਦੀਲੀ ਅਤੇ ਆਰਥਿਕ ਮੁਕਤੀ ਦੇ ਅੰਦੋਲਨ ਦੇ ਬਾਨੀ ਸਾਹਿਬ ਸ੍ਰੀ ਕਾਂਸ਼ੀ ਰਾਮ



- ਸਤਵਿੰਦਰ ਕੁਮਾਰ ਮਦਾਰਾ
ਐਡਮਿੰਟਨ (ਕੈਨੇਡਾ)
780-224-4550
kumar22_1@hotmail.com

ਆਜ਼ਾਦ ਭਾਰਤ ਵਿਚ ਸਮਾਜਿਕ ਤਬਦੀਲੀ ਅਤੇ ਆਰਥਿਕ ਮੁਕਤੀ ਦੇ ਅੰਦੋਲਨ ਨੂੰ ਦੇਸ਼ ਦੇ ਕੋਨੇ-ਕੋਨੇ ਵਿਚ ਲਿਜਾਣ ਵਾਲੇ ਅਤੇ ਕਰੋੜਾਂ ਸ਼ਡਿਊਲਡ ਕਾਸਟ, ਸ਼ਡਿਊਲਡ ਟ੍ਰਾਈਬਸ, ਪੱਛੜੀਆਂ ਸ਼੍ਰੇਣੀਆਂ, ਧਾਰਮਿਕ ਘੱਟ ਗਿਣਤੀਆਂ ਨੂੰ ਇਸ ਦੇਸ਼ ਦਾ ਹੁਕਮਰਾਨ ਬਣਾਉਣ ਦੇ ਲਈ ਆਪਣਾ ਪੂਰਾ ਜੀਵਨ ਸਮਰਪਿਤ ਕਰਨ ਵਾਲੇ, ਮਾਣਯੋਗ ਸ੍ਰੀ ਕਾਂਸ਼ੀ ਰਾਮ ਸਾਹਿਬ ਦਾ ਜਨਮ ਆਪਣੇ ਨਾਨਕੇ ਪਿੰਡ ਪਿਰਥੀ ਪਰ ਬੂੰਗਾ, ਜ਼ਿਲ੍ਹਾ ਰੋਪੜ (ਪੰਜਾਬ) ਵਿਚ 15 ਮਾਰਚ 1934 ਨੂੰ ਹੋਇਆ ਸੀ। 1954 ਵਿਚ ਸਰਕਾਰੀ ਕਾਲਜ ਰੋਪੜ ਤੋਂ ਬੀ. ਐਸ. ਸੀ. ਕਰਨ ਤੋਂ ਬਾਅਦ 1958 ਵਿਚ ਉਹਨਾਂ ਨੇ ਪੂਣੇ, ਮਹਾਂਰਾਸ਼ਟਰ ਦੇ ਸੈਂਟਰਲ ਇੰਸਟੀਚਿਊਟ ਆਫ ਮਿਲਟਰੀ ਐਕਸਪਲੋਸਿਵ ਵਿਚ ਖੋਜ ਅਧਿਕਾਰੀ ਦੇ ਤੌਰ ਤੇ ਨੌਕਰੀ ਆਰੰਭ ਕੀਤੀ। ਇਥੇ 1962-63 ਵਿਚ ਜਦੋਂ ਬਾਬਾ ਸਾਹਿਬ ਅੰਬੇਦਕਰ ਜੈਅੰਤੀ ਅਤੇ ਬੁੱਧ ਜੈਅੰਤੀ ਤੇ ਮਿਲਣ ਵਾਲੀਆਂ ਛੁੱਟੀਆਂ ਨੂੰ ਖਤਮ ਕਰਕੇ ਉਸਦੀ ਥਾਂ ਦੀਵਾਲੀ ਅਤੇ ਬਾਲ ਗੰਗਾਧਰ ਤਿਲਕ ਜੈਅੰਤੀ ਤੇ ਛੁੱਟੀ ਕਰਨ ਦੀ ਘਟਨਾ ਵਾਪਰੀ ਤਾਂ ਉਹਨਾਂ ਦਾ ਪੂਰਾ ਜੀਵਨ ਬਦਲ ਗਿਆ। ਉਹਨਾਂ ਨੇ ਇਸ ਦੇ ਖਿਲਾਫ ਦੀਨਾ ਭਾਨਾ ਨਾਂ ਦੇ ਕਰਮਚਾਰੀ, ਜਿਸਨੇ ਇਸਦਾ ਵਿਰੋਧ ਕੀਤਾ, ਨੂੰ ਸਹਿਯੋਗ ਦਿੱਤਾ ਅਤੇ ਅਦਾਲਤ ਤੋਂ ਦੋਵੇਂ ਛੁੱਟੀਆਂ ਨੂੰ ਫਿਰ ਬਹਾਲ ਕਰਵਾਇਆ।

ਇਸ ਤੋਂ ਬਾਅਦ ਆਰੰਭ ਹੋਇਆ ਇਕ ਅਜਿਹਾ ਅਟੁੱਟ ਅਤੇ ਅਨਮੋਲ ਸੰਘਰਸ਼, ਜਿਸਨੇ ਪੂਰੇ ਦੇਸ਼ ਦੀ ਸਮਾਜਿਕ ਅਤੇ ਰਾਜਨੀਤਿਕ ਦਿਸ਼ਾ ਨੂੰ ਹੀ ਬਦਲ ਦਿੱਤਾ। ਮਹਾਤਮਾ ਜਯੋਤਿਬਾ ਫੂਲੇ, ਛਤਰਪਤੀ ਸ਼ਾਹੂ ਜੀ ਮਹਾਰਾਜ, ਨਾਰਾਇਣਾ ਗੁਰੂ ਪੇਰੀਆਰ ਰਾਮਾ ਸਵਾਮੀ ਨਾਇਕਰ ਅਤੇ ਬਾਬਾ ਸਾਹਿਬ ਅੰਬੇਦਕਰ ਤੋਂ ਪ੍ਰੇਰਨਾ ਲੈ ਕੇ ਸਾਹਿਬ ਕਾਂਸ਼ੀ ਰਾਮ ਜੀ ਨੇ ਪੂਰਾ ਜੀਵਨ ਆਪਣਾ ਘਰ ਨਾ ਵਸਾਉਣ, ਆਪਣੇ ਪਰਿਵਾਰਕ ਰਿਸ਼ਤਿਆਂ ਨੂੰ ਖਤਮ ਕਰਨ, ਕੋਈ ਜ਼ਮੀਨ ਜਾਇਦਾਦ ਨਾ ਖਰੀਦਣ ਅਤੇ ਕਿਸੇ ਵੀ ਸਮਾਜਿਕ ਸਮਾਰੋਹ ਵਿਚ ਭਾਗ ਨਾ ਲੈਣ ਦਾ ਫੈਸਲਾ ਕੀਤਾ, ਜਿਸਨੂੰ ਉਹਨਾਂ ਨੇ ਪੂਰੀ ਦ੍ਰਿੜ੍ਹਤਾ ਨਾਲ ਜੀਵਨ ਭਰ ਨਿਭਾਇਆ। ਬਾਬਾ ਸਾਹਿਬ ਅੰਬੇਦਕਰ ਦੀ "the annihilation of caste", "what congress and gandhi have done to the untouchables" ਅਤੇ ਗੂਲ ਓਮਵੈਟ ਦੀ "cultural revolt in a colonial society" ਦਾ ਉਹਨਾਂ ਤੇ ਕਾਫੀ ਡੂੰਘਾ ਅਸਰ ਪਿਆ ਅਤੇ ਇਹਨਾਂ ਪੁਸਤਕਾਂ ਨੇ ਉਹਨਾਂ ਦੇ ਵਿਰੋਧ ਦੀ ਬੁਨਿਆਦ ਰੱਖੀ। 'ਤਮੰਨਾ ਸੱਚੀ ਹੋਵੇ ਤਾਂ ਹਜ਼ਾਰਾਂ ਰਸਤੇ ਨਿਕਲ ਆਉਂਦੇ ਹਨ, ਤਮੰਨਾ ਝੂਠੀ ਹੋਵੇ ਤਾਂ ਹਜ਼ਾਰਾਂ ਬਹਾਨੇ ਨਿਕਲ ਆਉਂਦੇ ਹਨ' ਦਾ ਉਹਨਾਂ ਦਾ ਵਾਕ ਅੱਜ ਵੀ ਉਹਨਾਂ ਦੇ ਕਰੋੜਾਂ ਚਾਹੁਣ ਵਾਲਿਆਂ ਦੇ ਦਿਲੋ ਦਿਮਾਗ ਤੇ ਛਾਇਆ ਰਹਿੰਦਾ ਹੈ ਅਤੇ ਖੁਦ ਉਹਨਾਂ ਨੇ ਇਸ ਵਾਕ ਨੂੰ ਆਪਣੇ ਜੀਵਨ ਵਿਚ ਪੂਰੀ ਤਰ੍ਹਾਂ ਉਤਾਰ ਕੇ, ਸਭ ਦੇ ਸਾਹਮਣੇ ਸੰਘਰਸ਼ ਦੀ ਇਕ ਅਜਿਹੀ ਮਿਸਾਲ ਪੇਸ਼ ਕੀਤੀ, ਜਿਸਦਾ ਲੋਹਾ ਅੱਜ ਉਹਨਾਂ ਦੇ ਘੋਰ ਵਿਰੋਧੀ ਵੀ ਮੰਨਦੇ ਹਨ। ਮਹਾਰਾਸ਼ਟਰ ਦੇ ਅੰਬੇਦਕਰਵਾਦੀ ਨੇਤਾਵਾਂ ਤੋਂ ਨਿਰਾਸ਼ ਹੋ ਕੇ, ਜੋ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ 'ਹੋਓ ਸ਼ਕਤ ਨਹੀਂ' ਕਹਿ ਕੇ ਛੱਡਦੇ ਜਾ ਰਹੇ ਸਨ, ਅਤੇ ਗਾਂਧੀ ਜੀ ਦੀ ਕਾਂਗਰਸ, ਜਿਸਦਾ ਬਾਬਾ ਸਾਹਿਬ ਨੇ ਪੂਰਾ ਜੀਵਨ ਘੋਰ ਵਿਰੋਧ ਕੀਤਾ, ਵਿਚ ਜਾ ਰਹੇ ਸਨ, ਉਹਨਾਂ ਨੇ ਉਤਰ ਭਾਰਤ ਵੱਲ ਆਪਣਾ ਰੁਖ ਕੀਤਾ।



ਕੁਝ ਸਾਲ ਉਤਰ ਭਾਰਤ ਵਿਚ ਕੰਮ ਕਰਨ ਤੋਂ ਬਾਅਦ ਉਹਨਾਂ ਨੂੰ ਲੱਗਿਆ ਕਿ ਉਹ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਵੱਡੇ ਪੱਧਰ ਤੇ ਫੈਲਾ ਸਕਦੇ ਹਨ ਅਤੇ ਕਾਫੀ ਅਧਿਐਨ ਕਰਨ ਤੋਂ ਬਾਅਦ ਉਹਨਾਂ ਨੇ ਕਿਹਾ ਕਿ 'ਉਤਰ ਪ੍ਰਦੇਸ਼ ਬ੍ਰਾਹਮਣਵਾਦ ਦੀ ਗਰਦਨ ਹੈ, ਜੇਕਰ ਅਸੀਂ ਗਰਦਨ ਨੂੰ ਦਬਾਅ ਦਿਆਂਗੇ, ਤਾਂ ਪੂਰਾ ਸਰੀਰ ਢਿੱਲਾ ਪੈ ਜਾਵੇਗਾ, ਇਸ ਲਈ ਮੈਂ ਸੋਚਿਆ ਕਿ ਬ੍ਰਾਹਮਣਵਾਦ ਦੇ ਇਕ ਇਕ ਪੁਰਜ਼ੇ ਨੂੰ ਪਕੜਨ ਦੀ ਬਜਾਏ, ਇਸਨੂੰ ਗਰਦਨ ਤੋਂ ਹੀ ਪਕੜ ਲੈਣਾ ਚਾਹੀਦਾ ਹੈ।' ਆਪਣੀ ਇਸ ਰਣਨੀਤੀ ਵਿਚ ਉਹਨਾਂ ਨੂੰ ਬੇਹੱਦ ਸਫਲਤਾ ਪ੍ਰਾਪਤ ਹੋਈ ਅਤੇ ਬਸਪਾ ਦੇ ਗਠਨ ਦੇ ਸਿਰਫ 10 ਸਾਲਾਂ ਵਿਚ ਹੀ, ਸੱਤਾ ਪ੍ਰਾਪਤ ਕਰਕੇ ਹਜ਼ਾਰਾਂ ਸਾਲਾਂ ਬਾਅਦ ਦੇਸ਼ ਵਿਚ 6000 ਜਾਤੀਆਂ ਵਿਚ ਵੰਡੇ ਗਏ ਮੂਲ ਨਿਵਾਸੀਆਂ ਨੂੰ ਹੁਕਮਰਾਨ ਬਣਾਇਆ।

"ਜਦੋਂ ਤੱਕ ਅਸੀਂ ਮਜ਼ਬੂਤ ਸਰਕਾਰ ਨਹੀਂ ਬਣਾ ਪਾਉਂਦੇ, ਅਸੀਂ ਦੂਜਿਆਂ ਦੀ ਸਿਰਫ ਮਜ਼ਬੂਰ ਸਰਕਾਰ ਹੀ ਬਣਨ ਦਿਆਂਗੇ' ਦੀ ਉਹਨਾਂ ਦੀ ਅਨੋਖੀ ਰਣਨੀਤੀ ਨੇ ਪੂਰੇ ਦੇਸ਼ ਵਿਚ ਆਪਣਾ ਰੰਗ ਦਿਖਾਇਆ ਅਤੇ ਉਹਨਾਂ ਦੇ ਰਾਜਨੀਤੀ ਵਿਚ ਉਤਰਨ ਤੋਂ ਬਾਅਦ, ਕਿਸੇ ਵੀ ਪਾਰਟੀ ਨੂੰ ਦੇਸ਼ ਦੀ ਲੋਕ ਸਭਾ ਵਿਚ ਪੂਰਨ ਬਹੁਮਤ ਨਹੀਂ ਮਿਲ ਸਕਿਆ ਅਤੇ ਪੂਰੇ ਦੇਸ਼ ਵਿਚ ਅਤੇ ਉਤਰ ਪ੍ਰਦੇਸ਼ ਵਿਚ ਮੱਧਕਾਲੀ ਚੋਣਾਂ ਦਾ ਸਿਲਸਿਲਾ ਜਾਰੀ ਰਿਹਾ। ਕਾਂਗਰਸ ਨੂੰ ਬ੍ਰਾਹਮਣਵਾਦ ਦੀ ਏ ਟੀਮ ਅਤੇ ਭਾਜਪਾ ਨੂੰ ਬੀ ਟੀਮ ਦੱਸ ਕੇ ਉਹਨਾਂ ਨੇ ਦੋਵੇਂ ਪਾਰਟੀਆਂ ਦੀ ਉਤਰ ਪ੍ਰਦੇਸ਼, ਜੋ ਕਿ ਇਹਨਾਂ ਦਾ ਗੜ੍ਹ ਰਿਹਾ ਹੈ, ਵਿਚ ਅਜਿਹੀ ਧੂੜ ਚਟਾਈ ਕਿ ਕਾਂਗਰਸ ਦਾ ਤਾਂ ਉਥੋਂ ਹਮੇਸ਼ਾ ਹਮੇਸ਼ਾ ਲਈ ਸਫਾਇਆ ਹੋ ਗਿਆ ਅਤੇ ਭਾਜਪਾ ਅੱਜ ਵੀ ਆਪਣਾ ਗੁਆਚਿਆ ਆਧਾਰ ਪ੍ਰਾਪਤ ਕਰਨ ਵਿਚ ਨਾਕਾਮ ਰਹੀ ਹੈ। 14 ਅਪ੍ਰੈਲ 1984 ਨੂੰ ਬਸਪਾ ਦੇ ਗਠਨ ਕਰਨ ਦੇ ਕੇਵਲ 15 ਸਾਲਾਂ ਵਿਚ ਹੀ ਉਹਨਾਂ ਨੇ ਦੇਸ਼ ਦੇ 70 ਫੀਸਦੀ ਦਲਾਂ ਨੂੰ ਪਛਾੜ ਕੇ ਇਸਨੂੰ ਤੀਜੀ ਸਭ ਤੋਂ ਵੱਡੀ ਸ਼ਕਤੀ ਦੇ ਰੂਪ ਵਿਚ ਸਥਾਪਤ ਕੀਤਾ।

24 ਸਤੰਬਰ 1932 ਨੂੰ ਹੋਏ ਪੂਨਾ ਸਮਝੌਤੇ ਦੀ 50ਵੀਂ ਵਰ੍ਹੇਗੰਢ ਤੇ 24 ਸਤੰਬਰ 1982 ਨੂੰ ਆਪਣੇ ਦੁਆਰਾ ਲਿਖੀ ਇਤਿਹਾਸਕ ਪੁਸਤਕ 'ਚਮਚਾ ਯੁੱਗ' ਨੂੰ ਪ੍ਰਕਾਸ਼ਿਤ ਕੀਤਾ। ਇਸ ਦੇ ਜ਼ਰੀਏ ਸਾਹਿਬ ਕਾਂਸ਼ੀ ਰਾਮ ਨੇ ਐਸ ਟੀ., ਐਸ ਸੀ. ਅਤੇ ਓ ਬੀ ਸੀ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਅਜਿਹੇ ਲੋਕ, ਜੋ ਆਪਣੇ ਸਵਾਰਥ ਪੂਰੇ ਕਰਨ ਦੇ ਲਈ ਆਪਣੇ ਸਮਾਜ ਨੂੰ ਬ੍ਰਾਹਮਣਵਾਦੀ ਤਾਕਤਾਂ ਦੇ ਹੱਥੋਂ ਵੇਚਦੇ ਰਹੇ ਹਨ, ਨੂੰ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ।

ਇਸ ਸਮੱਸਿਆ ਦਾ ਇੰਨਾ ਡੂੰਘਾ ਅਧਿਐਨ ਉਹਨਾਂ ਤੋਂ ਪਹਿਲਾਂ ਸ਼ਾਇਦ ਹੀ ਕਿਸੇ ਨੇ ਕੀਤਾ ਹੋਵੇ। ਚਮਚਿਆਂ ਦੀਆਂ ਵੱਖ ਵੱਖ ਕਿਸਮਾਂ ਦਾ ਵੀ ਉਹਨਾਂ ਨੇ ਬੜੀ ਬਰੀਕੀ ਨਾਲ ਵਿਸ਼ਲੇਸ਼ਣ ਕੀਤਾ ਅਤੇ ਉਹਨਾਂ ਨੂੰ 'ਵੱਖ ਵੱਖ ਜਾਤੀਆਂ ਦੇ ਚਮਚੇ, ਵੱਖ ਵੱਖ ਪਾਰਟੀਆਂ ਦੇ ਚਮਚੇ, ਅਗਿਆਨੀ ਚਮਚੇ, ਅੰਬੇਡਕਰੀ ਚਮਚੇ, ਚਮਚਿਆਂ ਦੇ ਚਮਚੇ ਅਤੇ ਵਿਦੇਸ਼ ਸਥਿਤ ਚਮਚੇ' ਵਰਗੇ ਨਾਂ ਦੇ ਕੇ ਇਕ ਨਵੀਂ ਸ਼ਬਦਾਵਲੀ ਦੀ ਖੋਜ ਕੀਤੀ।

ਸਾਹਿਬ ਕਾਂਸ਼ੀ ਰਾਮ ਨੇ ਆਪਣੇ ਕਈ ਭਾਸ਼ਣਾਂ ਵਿਚ ਬਾਬਾ ਸਾਹਿਬ ਅੰਬੇਦਕਰ ਦੁਆਰਾ ਚਲਾਏ ਗਏ ਅੰਦੋਲਨਾਂ ਦੀ ਸਫਲਤਾ ਅਤੇ ਉਹਨਾਂ ਤੋਂ ਬਾਦ ਉਸਨੂੰ ਮਿਲੀ ਅਸਫਲਤਾ ਤੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਇਹ ਮੰਨਿਆ ਕਿ ਕਿਸੇ ਵੀ ਅੰਦੋਲਨ ਨੂੰ ਸਫਲ ਬਣਾਉਣ ਦੇ ਲਈ ਸਮੇਂ ਦੇ ਨਾਲ ਉਸਨੂੰ ਬਦਲਣਾ ਬਹੁਤ ਜ਼ਰੂਰੀ ਹੈ। ਬਾਬਾ ਸਾਹਿਬ ਤੋਂ ਸਿੱਖਿਆ ਲੈਂਦੇ ਹੋਏ ਉਹਨਾਂ ਨੇ ਵੀ ਪਹਿਲਾਂ ਬਾਮਸੇਫ ਫਿਰ ਡੀ. ਐਸ 4 ਅਤੇ ਬਾਅਦ ਵਿਚ ਬਸਪਾ ਬਣਾ ਕੇ ਸਮਾਜਿਕ ਤਬਦੀਲੀ ਦੇ ਅੰਦੋਲਨ ਨੂੰ ਤੇਜ ਗਤੀ ਪ੍ਰਦਾਨ ਕੀਤੀ। 9 ਅਕਤੂਬਰ 2006 ਨੂੰ ਤਿੰਨ ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੱਕ ਬਿਮਾਰ ਰਹਿਣ ਤੋਂ ਬਾਅਦ ਸਾਹਿਬ ਕਾਂਸ਼ੀ ਰਾਮ ਦਾ ਦੇਹਾਂਤ ਹੋ ਗਿਆ। ਉਹ ਚਾਹੇ ਅੱਜ ਸਾਡੇ ਵਿਚਕਾਰ ਨਹੀਂ ਹਨ ਪਰ ਬ੍ਰਾਹਮਣਵਾਦ ਦੇ ਖਿਲਾਫ ਆਰੰਭ ਕੀਤਾ ਗਿਆ ਉਹਨਾਂ ਦਾ ਵਿਦਰੋਹ ਅੱਜ ਵੀ ਮਨੂੰਵਾਦੀ ਤਾਕਤਾਂ ਦੀ ਨੀਂਦ ਉਡਾ ਰਿਹਾ ਹੈ। ਉਹ ਦਿਨ ਦੂਰ ਨਹੀਂ, ਜਦੋਂ 6000 ਜਾਤੀਆਂ ਵਿਚ ਵੰਡੀਆਂ ਪੱਛੜੀਆਂ ਸ਼੍ਰੇਣੀਆਂ, ਸ਼ਡਿਊਲਡ ਕਾਸਟ ਅਤੇ ਸ਼ਡਿਊਲਡ ਟ੍ਰਾਈਬਜ਼, ਧਾਰਮਿਕ ਘੱਟ ਗਿਣਤੀਆਂ ਦੇ ਲੋਕ ਇੱਕਜੁਟ ਹੋ ਕੇ ਭਾਰਤ ਦੇ ਹੁਕਮਰਾਨ ਬਣਨਗੇ ਅਤੇ ਉਹਨਾਂ ਦੇ ਸੁਪਨੇ ਨੂੰ ਸਾਕਾਰ ਕਰਨਗੇ, ਤਾਂ ਜੋ ਇਸ ਦੇਸ਼ ਵਿਚ ਇਕ ਮਾਨਵਤਾਵਾਦੀ ਸਮਾਜ ਦਾ ਨਿਰਮਾਣ ਕੀਤਾ ਜਾ ਸਕੇ।

ਸਾਹਿਬ ਕਾਂਸ਼ੀ ਰਾਮ ਦੇ ਜਨਮ ਦਿਨ ਤੇ ਦੇਸ਼ ਅਤੇ ਵਿਦੇਸ਼ ਵਿਚ ਰਹਿਣ ਵਾਲੇ ਪੂਰੇ ਬਹੁਜਨ ਸਮਾਜ ਅਤੇ ਗੈਰ ਬਰਾਬਰੀ ਦੇ ਖਿਲਾਫ ਸੰਘਰਸ਼ ਕਰਨ ਵਾਲੇ ਲੋਕਾਂ ਨੂੰ ਬਹੁਤ ਬਹੁਤ ਮੁਬਾਰਕਾਂ।

**ਜੈ ਭੀਮ, ਜੈ ਕਾਂਸ਼ੀ ਰਾਮ, ਜੈ ਭਾਰਤ**

# 'ਪੰਚਾਂ ਦਾ ਕਹਿਣਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ

ਬਹੁਤ ਥੋੜ੍ਹੇ ਗਿਣੇ-ਚੁਣੇ ਨਾਂ ਹੀ ਹਨ ਪਰ ਔਰਤ ਜਾਤੀ ਲਈ ਵੱਖ-ਵੱਖ ਖੇਤਰਾਂ ਦੇ ਆਦਰਸ਼ ਅਤੇ ਮੀਲ-ਪੱਥਰ ਹਨ। ਇਹਨਾਂ ਦਾ ਜੀਵਨ ਅਤੇ ਪ੍ਰਾਪਤੀਆਂ ਅਬਲਾ ਨੂੰ ਸਬਲਾ ਤੇ ਨਿਰਬਲ ਨੂੰ ਬਲਵਾਨ ਬਣਨ ਦੀ ਪ੍ਰੇਰਨਾ ਦਿੰਦੀਆਂ ਹਨ।
ਜੀਵਨ ਦਾ ਤਜਰਬਾ ਦੱਸਦਾ ਹੈ ਕਿ ਹਰ ਕਾਮਯਾਬ ਇਨਸਾਨ ਦੇ ਪਿੱਛੇ ਇਕ ਔਰਤ ਦਾ ਹੱਥ ਹੁੰਦਾ ਹੈ। ਉਹ ਔਰਤ ਆਮ ਤੌਰ ਤੇ ਇਕ ਮਾਂ ਜਾਂ ਪਤਨੀ ਹੁੰਦੀ ਹੈ। ਮਹਾਂਭਾਰਤ ਵਿਚ ਜ਼ਿਕਰ ਆਉਂਦਾ ਹੈ, ''ਮਰਦ ਦਾ ਨਾਰੀ ਦੇ ਸਮਾਨ ਕੋਈ ਦੋਸਤ ਨਹੀਂ ਹੈ।'' ਇਸ ਲਈ ਪਤੀ ਨੂੰ ਆਪਣੀ ਪਤਨੀ ਨਾਲ ਇਕ ਦੋਸਤ ਦੀ ਤਰ੍ਹਾਂ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਸ ਸਬੰਧ ਵਿਚ ਪਾਦਰੀ ਪਿਊਡਰ ਹੈਮਵਰਗ ਦਾ ਇਹ ਕਥਨ ਕਾਬਲ-ਏ-ਗੌਰ ਹੈ: ''ਇਕ ਪਿਤਾ ਆਪਣੇ ਬੱਚਿਆਂ ਲਈ ਸਭ ਤੋਂ ਮਹੱਤਵਪੂਰਨ ਜੋ ਕੰਮ ਕਰ ਸਕਦਾ ਹੈ ਉਹ ਹੈ ਉਹਨਾਂ ਦੀ ਮਾਂ ਨਾਲ ਅਥਾਹ ਪਿਆਰ।''
ਕਬੀਰ ਦਾਸ ਜੀ ਦਾ ਨਿਮਨ-ਲਿਖਤ ਦੋਹਾ ਔਰਤ ਦੀ ਵੇਦਨਾ ਬੜੇ ਸਪਸ਼ਟ ਰੂਪ ਵਿਚ ਪ੍ਰਗਟ ਕਰਦਾ ਹੈ:-

"ਵਾਹ! ਵਾਹ! ਰੇ ਅਬਲਾ ਨਾਰੀ,
ਤੇਰੇ ਆਂਚਲ ਮੇਂ ਹੈ ਦੂਧ ਆਖੋਂ ਮੇਂ ਪਾਨੀ।''

ਪੰਜਾਬੀ ਦੇ ਮਸ਼ਹੂਰ ਪ੍ਰਗਤੀਵਾਦੀ ਸਮਾਜਵਾਦੀ ਸ਼ਾਇਰ ਪ੍ਰੋ: ਮੋਹਣ ਸਿੰਘ ਜੀ ਆਪਣੀ ਪਤਨੀ ਬਸੰਤ ਕੌਰ ਦੀ ਮੌਤ ਬਾਅਦ ਆਪਣੀ ਮਸ਼ਹੂਰ ਕਵਿਤਾ 'ਬਸੰਤ' ਵਿਚ ਔਰਤ ਦੀ ਮਹਾਨਤਾ ਤੇ ਉਸ ਤੋਂ ਲਈ ਪ੍ਰੇਰਨਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:-

''ਮੋਹਨ ਕਿੰਝ ਬਣਦਾ ਤੂੰ ਸ਼ਾਇਰ,
ਜੇਕਰ ਮੈਂ ਨਾ ਮਰਦੀ।''

ਪ੍ਰੋ: ਮੋਹਨ ਸਿੰਘ ਜੀ ਦੀ ਇਕ ਕਵਿਤਾ ਵਿਚ ਹੋਰ ਮਾਂ ਦੀ ਮਹਾਨਤਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:

ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਕਿਧਰੇ ਨਜ਼ਰ ਨਾ ਆਵੇ।
ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਸੁੱਕ ਜਾਂਦੇ।
ਐਪਰ ਫੁੱਲਾਂ ਦੇ ਮੁਰਝਾਇਆ, ਇਹ ਬੂਟਾ ਸੁੱਕ ਜਾਵੇ।

ਵਾਰਿਸ ਸ਼ਾਹ ਪੰਜਾਬੀ ਦਾ ਸਿਰਮੌਰ ਕਵੀ ਹੈ, ਭਾਵੇਂ ਉਹ ਔਰਤ ਦੀ ਨਿੰਦਿਆ ਬੜੇ ਕੜੇ ਸ਼ਬਦਾਂ ਵਿਚ ਕਰਦਾ ਹੈ ਪਰ ਉਹ ਪੰਜਾਬੀ ਦੀ ਸ਼ਾਹਕਾਰ ਰਚਨਾ 'ਹੀਰ' ਨੂੰ 'ਭਾਗਭਰੀ' ਦੇ ਵਿਯੋਗ ਤੋਂ ਪ੍ਰੇਰਨਾ ਲੈ ਕੇ ਹੀ ਲਿਖ ਸਕਿਆ ਸੀ, ਕਿਉਂਕਿ ਭਾਗਭਰੀ ਨਾਲ ਉਸਦਾ ਰੋਮਾਂਸ ਚਲਦਾ ਸੀ। ਸ਼ਿਵ ਕੁਮਾਰ ਬਟਾਲਵੀ ਦੀ ਵਿਯੋਗ ਵਿਚੋਂ ਹੀ 'ਬਿਰਹੋਂ ਦਾ ਸੁਲਤਾਨ' ਬਣ ਸਕਿਆ ਸੀ। ਅੰਮ੍ਰਿਤਾ ਪ੍ਰੀਤਮ ਬੜੀ ਵੱਡੀ ਪੱਧਰ ਤੇ ਔਰਤ ਦੀ ਵੇਦਨਾ ਤੇ ਉਸ ਦੀ ਹੋਂਦ ਨੂੰ ਸ਼ਾਹਕਾਰ ਕਰਨ ਲਈ ਆਪਣੀ ਆਵਾਜ਼ ਨੂੰ ਆਪਣੀ ਬਹੁਤ ਹੀ ਪ੍ਰਸਿੱਧ ਕਵਿਤਾ 'ਅੱਜ ਆਖਾਂ ਵਾਰਸ ਸ਼ਾਹ ਨੂੰ' ਵਿਚ ਭਾਰਤ ਦੇ ਹੋਏ ਬਟਵਾਰੇ ਸਮੇਂ ਔਰਤ ਦੀ ਹੋਈ ਦੁਰਗਤੀ ਬਾਰੇ ਆਪਣੀ ਆਵਾਜ਼ ਇਸ ਤਰ੍ਹਾਂ ਬੁਲੰਦ ਕਰਦੀ ਹੈ:

ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਸ ਸ਼ਾਹ ਨੂੰ ਕਹਿਣ।
ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ-ਲਿਖ ਮਾਰੇ ਵੈਣ।
ਉਠ ਦਰਦਵੰਦਾਂ ਦਿਆ ਦਰਦੀਆ
ਉਠ ਤੱਕ ਆਪਣਾ ਪੰਜਾਬ।

ਹੁਣ ਤੱਕ ਉਕਤ ਚਰਚਾ ਤੋਂ ਇਹ ਸਪਸ਼ਟ ਹੋ ਚੁੱਕਾ ਹੈ ਕਿ ਔਰਤ ਪ੍ਰਤੀ ਤਾਹੀਉਂ ਗੁਰੂ ਪੀਰ ਤੇ ਮਹਾਨ ਵਿਦਵਾਨ ਵੀ ਔਰਤ ਦੀ ਤਰਫ਼ਦਾਰੀ ਤੇ ਵਕਾਲਤ ਕਰਦੇ ਹਨ- ਪਰ ਔਰਤ ਪ੍ਰਤੀ ਹਰ ਵਿਰੋਧੀ ਵਰਤਾਰੇ ਲਈ ਮਰਦ ਨੂੰ ਭੰਡਣਾ ਤੇ ਔਰਤ ਨੂੰ ਖਾਹਮਖਾਹ ਪੀੜਤ ਸਾਬਤ ਕਰੀ ਜਾਣਾ ਵੀ ਗਲਤ ਹੈ, ਕਿਉਂਕਿ ਔਰਤ ਵਾਲੇ ਪਾਸੇ ਵੀ ਸਭ ਠੀਕ ਨਹੀਂ ਹੈ। ਇਸ ਲਈ ਔਰਤ ਨੂੰ ਵੀ ਆਪਣੀ ਸੋਚ ਵਿਚ ਉਸਾਰੂ ਪਰਿਵਰਤਨ ਲਿਆਉਣ ਦੀ ਲੋੜ ਹੈ ਤਾਂ ਜੋ ਕੋਈ ਇਹ ਨਾ ਕਹਿ ਸਕੇ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ। ਕੇਵਲ ਉਹ ਸਮਾਜ ਹੀ ਸਭਿਅਤ ਅਖਵਾਉਣ ਦਾ ਹੱਕ ਰੱਖਦਾ ਹੈ, ਜਿਸ ਵਿਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਇਸ ਸੰਦਰਭ ਵਿਚ ਪੰਡਤ ਜਵਾਹਰ ਲਾਲ ਨਹਿਰੂ ਦਾ ਕਥਨ ਹੈ ਕਿ ''ਕਿਸੇ ਕੌਮ ਵਿਚ ਇਸਤਰੀ ਦੀ ਪਦਵੀ ਉਸ ਕੌਮ ਦੀ ਉਨਤੀ ਦੇ ਸਭ ਤੋਂ ਸਹੀ ਨਾਪਾਂ ਵਿਚੋਂ ਇਕ ਹੈ।'' ਅਰਸਤੂ ਕਹਿੰਦਾ ਹੈ "ਔਰਤ ਦੀ ਉਨਤੀ ਅਤੇ ਗਿਰਾਵਟ ਤੇ ਹੀ, ਰਾਸ਼ਟਰ ਦੀ ਉਨਤੀ ਤੇ ਗਿਰਾਵਟ ਨਿਰਭਰ ਕਰਦੀ ਹੈ।'' ਨਿਰਸੰਦੇਹ ਜਿੱਥੇ ਨਾਰੀ ਦਾ ਉੱਚ ਸਥਾਨ ਹੈ, ਉਥੇ ਖੁਸ਼ੀਆਂ, ਖੇੜਿਆਂ ਤੇ ਖੁਸ਼ਹਾਲੀ ਦਾ ਵਾਸਾ ਹੈ। ਕਿਸੇ ਕਵੀ ਨੇ ਠੀਕ ਹੀ ਕਿਹਾ ਹੈ ਕਿ, 'ਸੰਦਲੀ ਪੌਣਾਂ ਝੂੱਲਦੀਆਂ, ਜਿੱਥੇ ਨਾਰੀ ਦਾ ਸਨਮਾਨ।'
ਔਰਤ ਜਾਤੀ ਦੀਆਂ ਸਮੱਸਿਆਵਾਂ ਦਾ ਅਧਿਐਨ ਤੇ ਚਿੰਤਨ ਕਰਨਾ ਬੜਾ ਜ਼ਰੂਰੀ ਹੈ ਤਾਂ ਜੋ ਇਸ ਦਾ ਕੋਈ ਸਾਰਥਕ ਤੇ ਵਿਗਿਆਨਕ ਹੱਲ ਲੱਭਿਆ ਜਾ ਸਕੇ। ਔਰਤ ਨੂੰ ਨਿਰੋਲ ਵਸਤੂ ਜਾਂ ਪਦਾਰਥ ਨਾ ਸਮਝਦਿਆਂ ਹੋਇਆਂ ਉਸ ਨਾਲ ਸੁਖਾਵਾਂ ਤੇ ਸੁਹਿਰਦਤਾ ਵਾਲਾ ਵਿਵਹਾਰ ਕਰੀਏ। ਮੇਰੇ ਸਾਥੀਓ ਆਓ!

ਉਸ ਨੂੰ ਪੀੜਾਂ, ਕਸਕਾਂ, ਚਸਕਾਂ, ਹਉਕਿਆਂ-ਹਾਵਿਆਂ ਦੀ ਤ੍ਰਾਸਦੀ ਤੋਂ ਮੁਕਤੀ ਤੇ ਆਜ਼ਾਦੀ ਦਿਵਾਉਣ ਲਈ ਹਰ ਹੀਲਾ ਅਪਣਾਈਏ। ਇਸ ਲਈ ਸਾਨੂੰ ਭਾਵੇਂ ਕਿਸੇ ਲੰਮੇ ਸੰਘਰਸ਼ ਦਾ ਹੀ ਕਿਉਂ ਨਾ ਰਾਹ ਅਪਣਾਉਣਾ ਪਵੇ। ਜਨਮ-ਪੂਰਵ ਤੋਂ ਮਰਨ ਤੱਕ ਉਸ ਨੂੰ ਭਰੂਣ ਹੱਤਿਆ, ਬਲਾਤਕਾਰ, ਦਾਜ, ਵੇਸ਼ਵਾਪਣ, ਨਾ-ਬਰਾਬਰੀ, ਪਤੀ ਦਾ ਜ਼ੁਲਮ, ਅਸੁਰੱਖਿਆ ਤੇ ਅਨਪੜ੍ਹਤਾ ਆਦਿਕ ਅਨੇਕਾਂ ਗੰਭੀਰ ਸਮੱਸਿਆਵਾਂ 'ਚੋਂ ਗੁਜ਼ਰਨਾ ਪੈਂਦਾ ਹੈ। ਫਿਰ ਵੀ ਉਹ ਸਮਾਜ ਵਿਚ ਵਿੱਚਰ ਰਹੀ ਹੈ।

ਉਹ ਅਬਲਾ ਨਹੀਂ ਹੈ, ਕਮਜ਼ੋਰ ਨਹੀਂ ਹੈ, ਸਗੋਂ ਬਹੁਤ ਬਲਵਾਨ ਹੈ ਜੋ ਮਨੁੱਖੀ ਸ਼ਕਤੀ ਲਈ ਪ੍ਰੇਰਨਾ ਸਰੋਤ ਬਣ ਕੇ ਉਸ ਦੇ ਵਿਅਕਤਿਤਵ ਨੂੰ ਸਨਮਾਨਿਤ ਕਰਦੀ ਹੈ। ਇਸ ਲਈ ਔਰਤ ਦੀਆਂ ਇਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਾਡੇ ਸਮਾਜ ਨੂੰ ਹਰ ਹੀਲਾ ਵਰਤਣਾ ਪਵੇਗਾ ਤੇ ਆਪਣੀ ਸੋਚ ਨੂੰ ਬਦਲਣਾ ਪਵੇਗਾ ਤਾਂ ਹੀ ਔਰਤ ਆਪਣੀ ਸੁਤੰਤਰ ਸੋਚ ਰੱਖ ਕੇ ਸਮਾਜ ਵਿਚ ਬਰਾਬਰੀ ਦਾ ਰੁਤਬਾ ਪ੍ਰਾਪਤ ਕਰ ਸਕਦੀ ਹੈ।

MAHEY
ARCHITECT DESIGNER
Bhupinder Kumar
Architect
98151-19953
Contact Us:
Khambra Gate, Nakodar Road Jalandhar
Email : Maheyarch.designer@gmail.com





Satvendar Madara

ਸਾਹਿਬ ਸ੍ਰੀ ਕਾਂਸ਼ੀ ਰਾਮ ਬਾਰੇ ਕਿਸੇ ਪਾਸ ਉਹਨਾਂ ਦੇ ਨਾਲ ਜਾਂ ਉਹਨਾਂ ਦੀ ਕਿਸੇ ਸਮਾਗਮ ਦੀ ਤਸਵੀਰ ਜਾ ਆਡੀਓ-ਵੀਡੀਓ ਹੋਵੇ ਤਾਂ ਕਿਰਪਾ ਕਰਕੇ ਹੇਠਲ ਲਿਖੇ ਈ-ਮੇਲ ਤੇ ਭੇਜਣ। ਜੇਕਰ ਉਹਨਾਂ ਨੂੰ ਚਾਹੀਦੀ ਹੈ ਤਾਂ ਵੀ ਸਾਡੇ ਨਾਲ ਸੰਪਰਕ ਕੀਤਾ ਜਾਵੇ ਜੀ।
kumar22_1@hotmail.com
780-224-4550

Mikasa HOMES & FUNDING
Rakesh Chander
Mikasa Homes & Funding
1601 S. De Anza Blvd, Suite 118
Cupertino, CA 95014
Cell: (916) 698-3808
Fax: (916) 725-5812
Rakesh Chander
Realtor
Mikasa Homes & Funding
DRE Lic.: 01866732
Email: mchander@comcast.net, Web: www.mikasafunding.com






# ਹੇ ਗੁਰਦੇਵ



- ਰੇਸ਼ਮ ਕਰਨਾਣਵੀ
9814880104

ਹੇ ਸਭ ਦੇ ਸਤਿਕਾਰਯੋਗ
ਗੁਰਦੇਵ ਜੀ!
ਆਪ ਜੀ ਦੇ ਪੁਰਬ ਤੇ
ਪੱਬਾਂ ਭਾਰ ਹੋਈਆਂ ਤੇ
ਅੰਧ ਵਿਸ਼ਵਾਸ਼ਾਂ ਦੇ ਭੰਵਰ ਵਿਚ ਡੁੱਬੀਆਂ
'ਨਿਮਾਣੀਆਂ' ਸੰਗਤਾਂ
ਆਪ ਜੀ ਨੂੰ ਇਨ੍ਹੀਂ ਦਿਨੀਂ
ਢੋਲਕੀਆਂ, ਛੈਣਿਆਂ, ਖੜਤਾਲਾਂ ਦੇ ਸ਼ੋਰ ਵਿਚ
ਉੱਚੀ ਉੱਚੀ ਬਾਂਗਾਂ ਦੇ ਕੇ
ਤਾਰਨ ਵਾਸਤੇ
ਤੁਹਾਨੂੰ ਫਿਰ ਤੋਂ ਆਉਣ ਲਈ
ਦੇ ਰਹੀਆਂ ਹਨ ਸੱਦਾ।
ਪਰ ਹੇ ਗੁਰਦੇਵ

ਤੁਸੀਂ ਜੇਕਰ ਆਉਣਾ ਹੋਇਆ ਤਾਂ
ਆਪਣੇ ਜੋਖ਼ਮ ਤੇ ਹੀ ਆਇਓ
ਆਪਣੇ ਅਸਲ ਪਹਿਰਾਵੇ ਵਿਚ ਨਾ ਆਉਣਾ
ਕਿਉਂਕਿ ਸੰਗਤਾਂ ਤੁਹਾਨੂੰ ਸਿਰਫ਼
ਤੁਹਾਡੀਆਂ ਕਲੰਡਰਾਂ ਤੇ ਛਪੀਆਂ
ਸੁੰਦਰ ਤਸਵੀਰਾਂ ਵਰਗਾ ਹੀ ਪਛਾਣਦੀਆਂ ਹਨ।
ਜੇ ਤੁਹਾਡੇ ਨਾਲ਼ ਕੋਈ ਗੱਲ
ਹੋ ਗਈ ਤਾਂ
ਆਪ ਜੀ ਦੇ ਨਾਂ ਤੇ
ਮਾਇਆ 'ਅਰਦਾਸ' ਕਰਵਾ ਕੇ
ਵੱਡੇ ਵੱਡੇ ਭੌਂਪੂਆਂ
ਵਿਚ
ਆਪਣਾ ਹੀ ਨਾਮ
ਸੁਣ ਰਹੀਆਂ ਸੰਗਤਾਂ
ਨੂੰ
ਤੁਹਾਡੀ ਪੁਕਾਰ ਨਹੀਂ
ਸੁਣਨੀ।
ਚਾਹ ਪਕੌੜਿਆਂ ਦਾ
ਲੰਗਰ ਛਕਦੀਆਂ
ਸੰਗਤਾਂ ਦੇ ਹੱਥ
ਵਿਹਲੇ ਨਹੀਂ ਹੋਣੇ
ਤੁਹਾਨੂੰ ਬਚਾਉਣ ਲਈ
ਨਗਰ ਕੀਰਤਨ
ਦੀ ਟਰਾਲੀ ਹੇਠੋਂ ।
ਜੇ ਕਦੇ ਆਉਣਾ ਹੋਇਆ ਤਾਂ
ਇਨ੍ਹਾਂ ਦਿਨਾਂ ਤੋਂ ਬਾਅਦ ਹੀ ਕਦੇ
ਗੇੜਾ ਮਾਰ ਜਾਇਓ ਅਮ੍ਰਿਤ ਵੇਲੇ
ਆਪਣੇ ਨਾਂ ਤੇ ਬਣੀਆਂ
ਸੰਗਮਰਮਰੀ ਆਲੀਸ਼ਾਨ ਇਮਾਰਤਾਂ ਵਿਚ
ਕਿਉਂਕਿ ਫਿਰ ਤਾਂ ਉੱਥੇ ਕੋਈ ਨਹੀਂ ਹੋਣਾ
ਗੁਰੂ ਕੇ ਵਜ਼ੀਰ ਤੋਂ ਬਿਨਾਂ
ਤੇ ਆਪਣੀ ਬਾਣੀ ਆਪ ਹੀ ਸੁਣ ਜਾਇਓ
ਫਿਰ ਸੰਗਤਾਂ ਕੋਲ਼ ਵਿਹਲ ਨਹੀਂ ਹੁੰਦੀ
ਤੁਹਾਡੇ ਵਾਸਤੇ ਸਾਰਾ ਸਾਲ।

# ਦਾਤਾ ਤੂੰ ਨਾ ਕਰੇਂ



-ਸੁਰਿੰਦਰ ਪਾਲ ਚੌਹਾਨ

ਤੇ ਹੋਰ ਕਰੇ ਕਿਹੜਾ,
ਮੇਰੀਆਂ ਸਭੇ ਜ਼ਰੂਰਤਾਂ ਪੂਰੀਆਂ ਨੂੰ,
ਲੋਕੀ ਤੱਕਦੇ ਐਬ-ਗੁਨਾਹ ਮੇਰੇ
ਮੈਂ ਤੱਕਦਾ ਰਹਿਮਤਾਂ ਤੇਰੀਆਂ ਨੂੰ
ਮੈਂ ਤੱਕਦਾ ਰਹਿਮਤਾਂ ਤੇਰੀਆਂ ਨੂੰ।

ਸਿਰ ਤੇ ਰੱਖੀ ਹੱਥ ਨਾ ਡੋਲਾਂ,
ਮਿਹਰਾਂ ਦਿਆ ਸਾਈਆਂ
ਨਿੱਭ ਜਾਏ ਤੋੜ ਸੁਆਸਾਂ ਤੱਕ ਜੋ,
ਪ੍ਰੀਤਾਂ ਨੇ ਪਾਈਆਂ।

ਜਿਸ ਦੇ ਸਿਰ ਤੇ ਹੱਥ ਤੂੰ ਰੱਖੇਂ, ਜੰਮਦਾ ਮਰਦਾ ਨਹੀਂ,
ਤੇਰੇ ਬਾਝੋਂ ਹੋਰ ਕਿਸੇ ਦਾ, ਸਿਮਰਨ ਕਰਦਾ ਨਹੀਂ
ਹੋ ਜਾਂਦੀ ਏ ਅਮਰ ਆਤਮਾ, ਜਿਸਨੇ ਵੀ ਲਾਈਆਂ
ਸਿਰ ਤੇ ਰੱਖੀਂ ਹੱਥ ਨਾ ਡੋਲਾਂ, ਮਿਹਰਾਂ ਦਿਆ ਸਾਈਆਂ
ਨਿਭ ਜਾਏਂ ਤੋੜ ਸੁਆਸਾਂ ਤੱਕ ਜੋ ਪ੍ਰੀਤਾਂ ਨੇ ਪਾਈਆਂ।


ਦੁਨੀਆਂ ਤੇ ਮਸ਼ਹੂਰ ਮੁਹੱਬਤ, ਚੰਨ ਚਕੋਰੀ ਦੀ,
ਤੇਰੇ ਨਾਲ ਜੋ ਪਾਈਆਂ ਪ੍ਰੀਤਾਂ, ਨਾ ਤੋੜੀ ਜੀ
ਕਰਦੇ ਪਾਰ ਉਤਾਰਾ ਦਰ ਤੇ ਸੰਗਤਾਂ ਨੇ ਆਈਆਂ
ਸਿਰ ਤੇ ਰੱਖੀਂ ਹੱਥ ਨਾ ਡੋਲਾਂ, ਮਿਹਰਾਂ...

ਨਿੱਭ ਜਾਏ ਤੋੜ
ਸੁਆਸਾਂ ਤੱਕ ਜੋ....

ਵਾਹ-ਵਾਹ ਗੁਰੂ
ਰਵਿਦਾਸ ਸ਼ਹਿ-
ਨਸ਼ਾਹ, ਸਾਰੀ
ਦੁਨੀਆਂ ਦਾ,
ਪਿਆਰ ਪ੍ਰੀਤ ਦਾ
ਸੋਮਾ ਸਤਿਗੁਰ,
ਰਿਸ਼ੀਆਂ ਮੁਨੀਆਂ ਦਾ
ਦੇ ਕੇ ਗਿਆਨ ਦੀ ਦੌਲਤ ਦਾਤਾਂ, ਕਰਦੇ ਬੇਪਰਵਾਹੀਆਂ
ਸਿਰ ਤੇ ਰੱਖੀਂ ਹੱਥ ਨਾ ਡੋਲਾਂ, ਮਿਹਰਾਂ ਦਿਆ ਸਾਈਆਂ
ਨਿੱਭ ਜਾਏ ਤੋੜ ਸੁਆਸਾਂ ਤੱਕ ਜੋ, ਪ੍ਰੀਤਾਂ.....

ਸੇਵਾ ਸਿਮਰਨ ਜੋ ਕਰੇ, ਮਿੱਠੇ ਫਲ ਉਹ ਪਾਉਂਦਾ ਏ,
ਸੁਰਿੰਦਰ ਦਾਤਾ ਦਰ ਤੇਰੇ ਤੇ, ਸੀਸ ਝੁਕਾਉਂਦਾ ਏ
ਤੁਹਾਡੇ ਜਨਮ ਦਿਨ ਦੀਆਂ ਦਾਤਿਆ, ਸਭ ਨੂੰ ਵਧਾਈਆਂ
ਸਿਰ ਤੇ ਰੱਖੀਂ ਹੱਥ ਨਾ ਡੋਲਾਂ, ਮਿਹਰਾਂ ਦਿਆ ਸਾਈਆਂ
ਨਿੱਭ ਜਾਏ ਤੋੜ ਸੁਆਸਾਂ ਤੱਕ ਜੋ, ਪ੍ਰੀਤਾਂ ਨੇ ਪਾਈਆਂ,
ਸੇਵਾ ਸਿਮਰਨ ਦੇ ਕੇ ਗੁਰੂ ਜੀ, ਕਰਦੇ ਰੁਸ਼ਨਾਈਆਂ
ਸਿਰ ਤੇ ਰੱਖੀ..

# ਗੁਰੂ ਰਵਿਦਾਸ ਜੀ



ਆਜਾਦ ਜਲੰਧਰੀ

ਊਚ ਨੀਚ ਨੇ ਜ਼ੋਰ ਜਾਂ ਪਾਇਆ
ਸਹਿ ਸਹਿ ਦੁੱਖ ਮਾਨਵ ਘਬਰਾਇਆ
ਬੰਦਾ ਬੰਦੇ ਨੂੰ ਦੁਰਕਾਰੇ
ਰੋਂਦੇ ਸਨ ਮਜ਼ਲੂਮ ਬੇਚਾਰੇ
ਸੁਣ ਕੇ ਦੁਖੀਆਂ ਦੀ ਅਰਦਾਸ
ਆ ਗਏ ਸੰਨ ਗੁਰੂ ਰਵਿਦਾਸ
ਜੱਗ ਤੇ ਆ ਗਈ ਜੋਤ ਇਲਾਹੀ
ਆ ਗਿਆ ਬੇਗਮਪੁਰ ਦਾ ਰਾਹੀ
ਘਰ ਸੰਤੋਖ ਪਿਤਾ ਦੇ ਆਇਆ
ਮਾਂ ਕਲਸੀ ਨੂੰ ਭਾਗ ਲਗਾਇਆ
ਹੋ ਗਿਆ ਜੱਗ ਤੋਂ ਦੂਰ ਹਨ੍ਹੇਰਾ
ਚੜ੍ਹਿਆ ਸੁੱਖ ਦਾ ਨਵਾਂ ਸਵੇਰਾ
ਮੁੱਖੜੇ ਤੇ ਇਕ ਨੂਰ ਨਿਰਾਲਾ
ਰੱਬ ਦਾ ਆਸ਼ਿਕ ਉਹ ਮਤਵਾਲਾ
ਮਨ ਵਿਚ ਰਹਿਮ ਹੱਥ ਵਿਚ ਮਾਲਾ
ਆ ਗਿਆ ਦਰਦ ਵੰਡਾਵਣ ਵਾਲਾ
ਮਿੱਠੇ ਬੋਲ ਜ਼ੁਬਾਨੋਂ ਬੋਲੇ
ਗੁੱਝੀਆਂ ਰਮਜ਼ਾਂ ਨੂੰ ਪਿਆ ਖੋਹਲੇ
ਪਰਮੇਸ਼ਰ ਦਾ ਨਾਮ ਧਿਆਵੇ
ਦੱਸ ਨੌਹਾਂ ਦੀ ਕਿਰਤ ਕਮਾਵੇ
ਭੁੱਲਿਆਂ ਬੰਦਿਆਂ ਨੂੰ ਰਾਹ ਪਾਇਆ
ਚੌਂਹ ਵਰਨਾਂ ਉਪਦੇਸ਼ ਸੁਣਾਇਆ
ਰਾਹ ਵਿਚ ਬੈਠਾ ਤਾਣਾ ਗੰਢੇ
ਪਿਆਰ ਮੁਹੱਬਤ ਸਭ ਨੂੰ ਵੰਡੇ
ਕਾਸ਼ੀ ਵਿਚ ਆਵਾਜ਼ ਉਠਾਈ
ਮੇਰੀ ਗੱਲ ਸੁਣੋ ਸਭ ਭਾਈ
ਏਕ ਪਿਤਾ ਕੇ ਹਮ ਸੱਭ ਬਾਲਿਕ
ਇਕੋ ਸੱਭ ਦੁਨੀਆਂ ਦਾ ਮਾਲਿਕ
ਧਰਤੀ ਅੰਬਰ ਉਹਦੀ ਮਾਇਆ
ਹਰ ਥਾਂ ਓਹਦਾ ਨੂਰ ਸਮਾਇਆ
ਬ੍ਰਾਹਮਣ ਸ਼ੂਦਰ ਵੈਸ਼ ਤੇ ਖੱਤਰੀ
ਸਭ ਤੇ ਇਕੋ ਨੀਲੀ ਛੱਤਰੀ
ਨਿਰਧਨ ਹੋਵੇ ਜਾਂ ਧੰਨ ਵਾਲਾ
ਇਕੋ ਹੈ ਸਭ ਦਾ ਰਖਵਾਲਾ
ਜਲ ਵਾਯੂ ਅਗਨੀ ਦਾ ਦਾਨ
ਸਭ ਨੂੰ ਮਿਲਦਾ ਇਕ ਸਮਾਨ
ਧਰਤੀ ਸਭ ਜੀਵਾਂ ਦੀ ਮਾਤਾ
ਸਭ ਦਾ ਮਾਲਿਕ ਪੁਰਖ ਵਿਧਾਤਾ
ਉਥੇ ਊਚ ਨੀਚ ਨਾ ਕੋਈ
ਨਾਮ ਜਪੇ ਮਿਲਦੀ ਏ ਢੋਈ
ਭਗਤੀ ਭਾਵ ਪ੍ਰਭੂ ਨੂੰ ਭਾਵੇ
ਉੱਚੀ ਜ਼ਾਤ ਨਾ ਵਰਣ ਰਿਝਾਵੇ
ਬਿਨ ਅਮਲਾਂ ਤੋਂ ਨਹੀਂ ਛੁਟਕਾਰਾ
ਬਿਨ ਅਮਲਾਂ ਨਹੀਂ ਪਾਰ ਉਤਾਰਾ
ਜੋ ਭੀ ਦਰ ਬਾਬੇ ਦੇ ਆਵੇ
ਸਭ ਨੂੰ ਰੱਬ ਦੀ ਗੱਲ ਸੁਣਾਵੇ
ਹਰ ਹਰ ਹਰੀ ਹਰੀ ਪਿਆ ਗਾਉਂਦਾ
ਨਿੱਤ ਸੰਗਤਾਂ ਦੀ ਸੇਵ ਕਮਾਉਂਦਾ
ਮੁੱਖੋਂ ਮਿੱਠੇ ਬੋਲ ਉਚਾਰੇ
ਝੂਠ ਤੇ ਸੱਤ ਦੇ ਕਰੇ ਨਿਤਾਰੇ
ਹੱਕ ਦੀ ਦਮੜੀ ਭੇਂਟ ਚੜ੍ਹਾਈ
ਪਰਗਟ ਹੋ ਗਈ ਗੰਗਾ ਮਾਈ
ਦੇਖੇ ਲੋਕਾਂ ਖੇਲ ਨਿਆਰੇ
ਗੰਗਾ ਦੇ ਵਿਚ ਪੱਥਰ ਮਾਰੇ
ਚੌਂਹ ਜੁਗਾਂ ਦੇ ਜੰਜੂ ਕੱਢੇ
ਲੋਕਾਂ ਨੇ ਜੈਕਾਰੇ ਛੱਡੇ
ਨਾਗਰ ਜੰਨ ਸ਼ਰਨ ਵਿਚ ਆਇਆ
ਸਿਰ ਤੇ ਸ਼ਾਹੀ ਛੱਤਰ ਝੁਲਾਇਆ
ਮਿਹਰ ਜਦੋਂ ਉਸ ਦੀ ਹੋ ਜਾਵੇ
ਕੰਗਲੇ ਨੂੰ ਸੁਲਤਾਨ ਬਣਾਵੇ
ਨੀਚੋਂ ਊਚ ਕਰੇ ਮੇਰਾ ਸੁਆਮੀ
ਮਿਹਰ ਕਰੇ ਜਦ ਅੰਤਰਜਾਤੀ
ਚੌਂਹ ਕੂਟੀਂ ਫੈਲੀ ਵੱਡਿਆਈ
ਰਜਵਾੜੇ ਆਏ ਸ਼ਰਨਾਈ
ਦੁਖੀਆਂ ਨੂੰ ਸੀਨੇ ਨਾਲ ਲਾਇਆ
ਊਚ ਨੀਚ ਦਾ ਭੇਦ ਮਿਟਾਇਆ
ਮੀਰਾਂ ਨੂੰ ਘਨਸ਼ਾਮ ਮਿਲਾਇਆ
ਪ੍ਰੇਮ ਦਾ ਮਾਰਗ ਸੀ ਦਿਖਲਾਇਆ
ਸ਼ਰਨ ਆ ਗਈ ਦੁਨੀਆਂ ਸਾਰੀ
ਬੜੇ ਬੜੇ ਪੰਡਿਤ ਮੱਠਧਾਰੀ
ਭਗਤ ਗੁਰੂ ਭਗਵਾਨ ਹੈ ਇੱਕੋ
ਵੱਖਰੇ ਨਾ ਸਨਮਾਨ ਹੈ ਇੱਕੋ
ਬੈਠਾ ਰੱਬ ਨਾਲ ਸੁਰਤ ਮਿਲਾਈ
ਦਸਾਂ ਨੌਹਾਂ ਦੀ ਕਰੇ ਕਮਾਈ
ਝੂਠੀ
ਮਾਇਆ
ਰਾਸ ਨਾ
ਆਈ
ਬਾਬੇ ਨੇ
ਪਾਰਸ
ਠੁਕਰਾਈ
ਹਰ ਵੇਲੇ
ਲੰਗਰ
ਪਿਆ ਚੱਲਦਾ
ਹਰੀ ਨਾਮ ਦਾ ਦੀਵਾ ਬਲਦਾ
ਜੋ ਭੀ ਦਰ ਬਾਬੇ ਦੇ ਆਇਆ
ਬੇਗ਼ਮਪੁਰ ਦੇ ਰਾਹੇ ਪਾਇਆ

ਸਾਰੀ ਦੁਨੀਆਂ ਨੂੰ ਸਮਝਾਇਆ
ਸਭ ਨੂੰ ਇਕੋ ਦੇ ਲੜ ਲਾਇਆ
ਹਰ ਸੋ ਹੀਰਾ ਮੂਲ ਨਾ ਛੱਡੋ
ਝੋਲੀ ਥਾਂ ਥਾਂ ਮੂਲ ਨਾ ਅੱਡੋ
ਗ੍ਰੰਥ ਸਾਹਿਬ ਵਿਚ ਦਰਜ ਹੈ ਬਾਣੀ
ਗੁਰੂਆਂ ਜਿਸ ਦੀ ਰਮਜ਼ ਪਛਾਣੀ
ਬਾਬਾ ਜੀ ਨੇ ਹੈ ਫੁਰਮਾਇਆ
ਭਟਕੇ ਜੀਵਾਂ ਨੂੰ ਸਮਝਾਇਆ
ਕਿਆ ਤੂੰ ਸੋਇਆ ਜੱਗ ਇਆਣਾ
ਤੈਂ ਜੀਵਨ ਜੱਗ ਸੱਚ ਕਰ ਜਾਣਾ
ਜੋ ਜੰਮਿਆ ਹੈ ਉਸਨੇ ਮਰਨਾ

ਇਕ ਦਿਨ ਕੂਚ ਹੈ ਸਭ ਨੇ ਕਰਨਾ
ਜੇ ਕੋਈ ਕੰਮ ਨਾ ਕੀਤਾ ਕੰਮ ਦਾ
ਕੌਡੀ ਮੁੱਲ ਨਹੀਂ ਸਾਡੇ ਚੰਮ ਦਾ
ਘੜੀ ਅਖੀਰੀ ਜਦ ਆਵੇਗੀ
ਘਰ ਦੀ ਨਾਰ ਭੀ ਛੱਡ ਜਾਵੇਗੀ
ਮਤਲਬ ਦੀ ਹੈ ਦੁਨੀਆਂਦਾਰੀ
ਸ਼ਮਸ਼ਾਨਾਂ ਤੱਕ ਰਿਸ਼ਤੇਦਾਰੀ
ਵਾਟ ਹੈ ਬੇਸ਼ੱਕ ਦੂਰ ਦੁਰਾਡੀ
ਬੇਗਮਪੁਰ ਹੈ ਮੰਜ਼ਿਲ ਸਾਡੀ
ਇੱਕੋ ਨੂੰ 'ਆਜ਼ਾਦ' ਧਿਆਈਏ
ਇੱਕੋ ਦੇ ਸਭ ਲੜ ਲੱਗ ਜਾਈਏ।

# ਗੀਤ ਪੰਜ ਦਰਿਆਵਾਂ ਸਾਂਝਾਂ ਪਾਈਆਂ

ਸਤਿਲੁਜ ਬਿਆਸ ਤੇ ਰਾਵੀ ਜਿਹਲਮ
ਮਿਲਿਆ ਨਾਲ ਚਨਾਬ
ਪੰਜ ਦਰਿਆਵਾਂ ਸਾਂਝਾਂ ਪਾਈਆਂ
ਤਦ ਬਣਿਆ ਪੰਜਾਬ।

(1) ਸਤਿਲੁਜ ਬਿਆਸ ਮਿਲੇ ਜਦ
ਦੋਵੇਂ
ਬਣਿਆ ਬਿਸਤ ਜਾਲੰਧਰ
ਬੜੇ ਬੜੇ ਹੋਏ ਭਗਤ ਸੂਰਮੇ
ਦੇਸ਼ ਦੁਆਬੇ ਅੰਦਰ
ਦੋਂਹ ਦਰਿਆਵਾਂ ਸਿੰਜ ਕੇ ਕੀਤਾ
ਹੈ ਇਸ ਨੂੰ ਸ਼ਾਦਾਬ
ਪੰਜ ਦਰਿਆਵਾਂ ਸਾਂਝਾਂ ਪਾਈਆਂ
ਤਦ ਬਣਿਆ ਪੰਜਾਬ।

(2) ਰਾਵੀ ਕੰਢੇ ਗੁਰੂ ਅਰਜਨ ਨੇ
ਅਮਰ ਸ਼ਹੀਦੀ ਪਾਈ
ਗੁਰਬਾਣੀ ਦੀ ਅਜ਼ਮਤ ਲਈ
ਜਿੰਦ ਜਾਨ ਸੀ ਲੇਖੇ ਲਾਈ
ਪਾਪੀ ਦੀ ਭੀ ਆਖਿਰ ਏਥੇ
ਮਿੱਟੀ ਹੋਈ ਖਰਾਬ
ਪੰਜ ਦਰਿਆਵਾਂ ਸਾਂਝਾਂ ਪਾਈਆਂ
ਤਦ ਬਣਿਆ ਪੰਜਾਬ।

(3) ਮਹੀਂਵਾਲ ਸੋਹਣੀ ਨੇ ਲਿਖੀ
ਇੱਥੇ ਪ੍ਰੇਮ ਕਹਾਣੀ
ਏਥੇ ਪੈਰ ਹੀਰ ਦੇ ਚੁੰਮਦਾ ਸੀ
ਪੱਤਣਾਂ ਦਾ ਪਾਣੀ
ਏਸ ਝਨਾ ਦੇ ਕੰਢੇ ਨੱਚਿਆ
ਹੈਸੀ ਮਸਤ ਸ਼ਬਾਬ
ਪੰਜ ਦਰਿਆਵਾਂ ਸਾਂਝਾਂ ਪਾਈਆਂ।
ਤਦ ਬਣਿਆ ਪੰਜਾਬ।।

(4) ਬੁੱਲ੍ਹੇ ਸ਼ਾਹ ਨਾਨਕ ਤੇ ਬਾਹੂ
ਇਸ ਧਰਤੀ ਤੇ ਆਏ
ਗੁਰੂਆਂ ਪੀਰਾਂ ਫਕੀਰਾਂ
ਇਸ ਧਰਤੀ ਨੂੰ ਭਾਗ ਲਗਾਏ
ਇਸ ਧਰਤੀ ਤੇ ਮਰਦਾਨੇ ਦੀ
ਗੂੰਜੀ ਕਦੇ ਰਬਾਬ।
ਪੰਜ ਦਰਿਆਵਾਂ ਸਾਂਝਾਂ ਪਾਈਆਂ
ਤਦ ਬਣਿਆ ਪੰਜਾਬ।।

(5) ਇਸ ਧਰਤੀ ਦੀਆਂ ਗੱਲਾਂ ਕਰਦੀ
ਅੱਜ ਇਹ ਦੁਨੀਆਂ ਸਾਰੀ
ਚੰਦ ਲੋਭੀ ਬੰਦਿਆਂ ਨੇ ਲੁੱਟ ਲਈ
ਇਹ ਆਜ਼ਾਦ ਬੇਚਾਰੀ
ਇਹਦੀ ਬਰਬਾਦੀ ਦਾ ਕਿਹੜਾ
ਦੇਵੇ ਅੱਜ ਹਿਸਾਬ
ਪੰਜ ਦਰਿਆਵਾਂ ਸਾਂਝਾਂ ਪਾਈਆਂ
ਤਦ ਬਣਿਆ ਪੰਜਾਬ।।

----------





ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ


# INDIA MARKET
SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

Chaat Papdi. Samosa
Chaat. Pani Puri. Dahi
Vada. Bhel Puri Chaat

Chaat Plate Only for $2.99

Music, Fabric, Artificial Jewelry, Sweets, Fresh Vegetables & more

We have the largest collection for Indian, Fijian & Pakistani Grocery



The Threading queen
threading & HEENA TATTOOS
We accept EBT cards
Call for appointment
(916) 297-0150, (916) 316-8199

Eyebrow Threading & Henna Tattoo (each hand)
Only for $ 5.00
(Regular $ 8.00)
Walk In Welcome
Mon-Sat 10am to 7 pm

1265 Pleasant Grove Blvd. # 100 Roseville, CA 95747 916-786-7666
5203 Elkhorn Blvd.Sacramento, CA 95842 916-338-5511


## ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।



ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



# ਅਵਤਾਰ ਸਿੰਘ ਬੈਂਸ

ਸਾਬਕਾ ਕੈਸ਼ੀਅਰ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ

# ਦੇਬੋ ਬੈਂਸ

ਸਾਬਕਾ ਚੇਅਰਪਰਸਨ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ

## ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ




ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।

**ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।**



# ਮਨਜੀਤ ਕੁਮਾਰ ਭਾਰਦਵਾਜ


## ਅਤੇ ਸਮੂਹ ਪਰਿਵਾਰ



## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



ਮਿਲਖੀ ਰਾਮ ਜੱਸਲ

# ਮਿਲਖੀ ਰਾਮ ਜੱਸਲ ਜੀ ਦਾ ਸਮੂਹ ਪਰਿਵਾਰ



ਦਲਜੀਤ ਜੱਸਲ ਆਪਣੇ ਸਪੁੱਤਰ ਅਤੇ ਸੁਪਤਨੀ ਨਾਲ

# INDIA BAZAAR




**Indian, Pakistani & Fijjian Groceries**

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES

Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।

Email: indiabazaar08@yahoo.com
1304-E HAMMER LANE, Suite 12, STOCKTON CA, 95210

ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।




ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

**Harjit Gaught (Happy)**
**Jai Ram Gaught**

1304-E HAMMER LANE, Suite 12, STOCKTON CA, 95210



ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



**ਸੁਰਿੰਦਰ ਕੋਕਾ**

Ph. 510-885-1212
Fax. 510-885-1532



# TANDOOR
Indian Restaurant

27167 Mission Blvd. Hayward, CA 95544







ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :
FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532

**ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥**

**ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।**







ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

## ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ, ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ) ਤੇ ਸਮੂਹ ਰੱਲ੍ਹ ਪਰਿਵਾਰ

---



**ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥**

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਅਤੇ 15ਵਾਂ ਮਹਾਨ ਸਾਲਾਨਾ ਨਗਰ ਕੀਰਤਨ 8 ਮਾਰਚ ਨੂੰ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਵਧਾਈਆਂ।


**ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਵਿਖੇ ਪਹੁੰਚ ਕੇ ਆਪਣੀਆਂ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।**

# Balwinder Kumar Ralh

## Vice Chairman
## Shri Guru Ravidass Sabha
## Sacramento (California)

**916-425-2705**




ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ (ਕੈਲੇਫੋਰਨੀਆਂ)
ਵਿਖੇ ਸਜਾਏ ਜਾ ਰਹੇ 15ਵੇਂ ਮਹਾਨ ਨਗਰ ਕੀਰਤਨ ਵਿਚ ਪੁੱਜੀਆਂ ਸੰਗਤਾਂ ਨੂੰ ਕੋਟਿਨ-ਕੋਟਿ ਪ੍ਰਣਾਮ
ਅਤੇ ਦੇਸ਼ ਵਿਦੇਸ਼ 'ਚ ਵਸਦੀਆਂ ਸਮੂਹ ਸੰਗਤਾਂ ਨੂੰ
ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ
ਦੇ ਗੁਰਪੁਰਬ ਦੀਆਂ ਲੱਖ ਲੱਖ ਵਧਾਈਆਂ।
Golden State Truck Sales Inc.
Buy Quality Used Trucks
ਟਰੱਕ ਟ੍ਰੇਲਰ ਲੈਣ ਲਈ ਹੁਣੇ ਕਾਲ ਕਰੋ
CALL: Dharminder Singh
Cell: 530.870.6600
Fax: 530.405.1429
2535 Front St.
West Sacramento, CA 95691
Email: myfuturetruck@gmail.com
(7)

# SIKH GURDWARA SAN JOSE



# ਹੋਲਾ ਮਹੱਲਾ







|Artwork |Sandeep Chahal|408.931.5200|





## • 7 March • Saturday •10-5pm

# Hola Mohalla

ਗੁਰੂ ਪਿਆਰੀ ਸਾਧ ਸੰਗਤ ਜੀ

ਸੈਨ ਹੋਜ਼ੇ ਗੁਰਦੁਆਰਾ ਸਾਹਿਬ ਵਿਖੇ ਹੋਲਾ ਮਹੱਲਾ ਪੂਰੇ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਗੱਤਕਾ,ਤੀਰ ਅੰਦਾਜੀ, ਬੱਚਿਆਂ ਅਤੇ ਬਜ਼ੁਰਗਾਂ ਦੀਆਂ ਦੌੜਾਂ, ਘੋੜਸਵਾਰੀ, ਬਾਸਕਟਬਾਲ ਆਦਿ ਮੁਕਾਬਲੇ ਕਰਵਾਏ ਜਾਣਗੇ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਤਾਜ਼ਾ ਗੰਨੇ ਦਾ ਰਸ, ਛੱਲੀਆਂ, ਪਕੌੜੇ, ਛੋਲੇ ਭਟੂਰੇ, ਤਾਜ਼ਾ ਫਲ ਆਦਿ ਸਮੇਤ ਕਈ ਤਰ੍ਹਾਂ ਦੇ ਲੰਗਰ ਵੀ ਲੱਗਣਗੇ।

ਖਾਲਸਾ ਜੀ ਕੇ ਬੋਲਬਾਲੇ ਦਾ ਪ੍ਰਤੀਕ ਹੋਲਾ ਮਹੱਲਾ ਸੈਨਹੋਜ਼ੇ ਗੁਰਦੁਆਰਾ ਸਾਹਿਬ ਵਿੱਚ ਖਾਲਸ਼ਾਹੀ ਰਵਾਇਤਾ ਅਨੁਸਾਰ 7 ਮਾਰਚ, 2015 ਸ਼ਨੀਵਾਰ ਨੂੰ ਖਾਲਸ਼ਾਹੀ ਜਾਹੋ-ਜਲਾਲ ਨਾਲ ਮਨਾਇਆ ਜਾ ਰਿਹਾ ਹੈ। ਇਸ ਦਿਨ ਗੁਰੂ ਕੇ ਕੀਰਤਨੀ ਜੱਥੇ, ਢਾਡੀ ਜੱਥੇ, ਕਥਾ ਵਾਚਿਕ ਹੋਲੇ ਮਹੱਲੇ ਦੇ ਨਾਲ ਸਬੰਧਤ ਗੁਰਮਤਿ ਵਿਚਾਰਾ ਸਰਵਣ ਕਰਵਾਉਣਗੇ। ਪ੍ਰਬੰਧਕਾਂ ਵਲੋਂ ਬਾਸਕਿ-ਟਬਾਲ, ਵਾਲੀਬਾਲ, ਗਤਕਾ, ਘੋੜ ਸਵਾਰੀ ਵੀ ਕਰਵਾਈ ਜਾਵੇਗੀ। ਪ੍ਰਬੰਧਕਾਂ ਵੱਲੋਂ ਅਨੰਦਪੁਰ ਸਾਹਿਬ ਵਰਗਾ ਮਹੌਲ ਸਿਰਜਣ ਲਈ ਵਿਸ਼ੇਸ਼ ਤੌਰ ਤੇ ਪ੍ਰਬੰਧ ਕੀਤਾ ਗਿਆ ਹੈ। ਗੁਰੂ ਕੇ ਲੰਗਰ ਅਤੇ ਕਾਰ ਪਾਰਕਿੰਗ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਵਿਸ਼ੇਸ਼ ਤੌਰ ਤੇ ਗੰਨੇ ਦਾ ਰਸ, ਭਾਰਤੀ ਸਨੈਕਸ ਅਤੇ ਚਾਟ ਤੇ ਮੱਕੀ ਦੇ ਦਾਣੇ ਦੀ ਸੰਗਤ ਵੱਲੋਂ ਸੇਵਾ ਹੋਵੇਗੀ ਜੀ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਸਮੂਹ ਸੰਗਤ ਨੂੰ ਇਸ ਦਿਨ ਹਾਜ਼ਰੀਆ ਭਰ ਕੇ ਗੁਰੂ ਕੀਆ ਖੁਸ਼ੀਆ ਪ੍ਰਾਪਤ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

## SPORTS EVENTS

- Gatka
- Basketball
- Race (Over50+)
- Race (Kids 5+)
- Race (Open)
- Race (Adult 18+)
- Horseriding
- Volleyball (Open)

ਪ੍ਰਬੰਧਕਾਂ ਵੱਲੋਂ ਅਨੰਦਪੁਰ ਸਾਹਿਬ ਵਰਗਾ ਮਹੌਲ ਸਿਰਜਣ ਲਈ ਵਿਸ਼ੇਸ਼ ਤੌਰ ਤੇ ਪ੍ਰਬੰਧ ਕੀਤਾ ਗਿਆ ਹੈ।

**Special arrangement : PONY RIDES for kids**

for more details www.sanjosegurdwara.org











**3636 Murillo Ave, San Jose CA 95148 • 408-274-9373**



**FREE T-SHIRTS**
for all the participants